# ਗਣਿਤ ਦੀ ਦੁਨੀਆ

(ਦੂਜੀ ਸ਼੍ਰੇਣੀ ਲਈ)

V2L6T2

ਪੰਜਾਬ ਸਕੂਲ ਸਿੱਖਿਆ ਬੋਰਡ
ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਪਹਿਲਾ ਐਡੀਸ਼ਨ : 2018 .............................. 99493 ਕਾਪੀਆਂ

ਰੀਵਾਈਜ਼ਡ ਐਡੀਸ਼ਨ : 2019 ......................... 1,80,000 ਕਾਪੀਆਂ

ਰੀਵਾਈਜ਼ਡ ਐਡੀਸ਼ਨ : 2020 ............................ 184300 ਕਾਪੀਆਂ

ਰੀਵਾਈਜ਼ਡ ਐਡੀਸ਼ਨ : 2021 ............................ ਕਾਪੀਆਂ

All rights, including those of translation, reproduction
and annotation etc., are reserved by the
Punjab Government

ਸੰਯੋਜਕ : ਪ੍ਰਿਤਪਾਲ ਸਿੰਘ ਕਥੂਰੀਆ
ਵਿਸ਼ਾ ਮਾਹਿਰ, ਪੰਜਾਬ ਸਕੂਲ ਸਿੱਖਿਆ ਬੋਰਡ

ਚਿੱਤਰਕਾਰ : ਮਨਜੀਤ ਸਿੰਘ ਢਿੱਲੋਂ
ਆਰਟਿਸਟ, ਪੰਜਾਬ ਸਕੂਲ ਸਿੱਖਿਆ ਬੋਰਡ

**ਚੇਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ 'ਤੇ ਜਿਲਦ-ਸਾਜੀ ਨਹੀਂ ਕਰ ਸਕਦਾ।(ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ। (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ ਪੁਸਤਕਾਂ ਬੋਰਡ ਦੇ 'ਵਾਟਰਮਾਰਕ' ਵਾਲੇ ਕਾਗਜ਼ ਉਪਰ ਹੀ ਛਪਵਾਈਆਂ ਜਾਂਦੀਆਂ ਹਨ)

ਮੁੱਲ : 72.00 ਰੁਪਏ

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਨਵਦੁਰਗਾ ਆਫ਼ਸੈੱਟ ਪ੍ਰਿੰਟਰਜ਼, ਮੇਰਠ ਸਿਟੀ ਦੁਆਰਾ ਛਾਪੀ ਗਈ

# ਮੁੱਖ-ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਤੋਂ ਹੀ ਸਕੂਲ ਪੱਧਰ ਦੇ ਪਾਠਕ੍ਰਮ ਬਣਾਉਣ, ਰਾਸ਼ਟਰ ਅਤੇ ਰਾਜ ਪੱਧਰ 'ਤੇ ਬਦਲਦੀਆਂ ਵਿੱਦਿਅਕ ਲੋੜਾਂ ਅਨੁਸਾਰ ਪਾਠ ਕ੍ਰਮ ਨੂੰ ਨਵਿਆਉਣ ਅਤੇ ਉਸ ਅਨੁਸਾਰ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ।

ਹੱਥਲੀ ਪੁਸਤਕ ਵੱਖ-ਵੱਖ ਵਰਕਸ਼ਾਪਾਂ ਲਗਾ ਕੇ ਖੇਤਰੀ ਮਾਹਿਰਾਂ ਵੱਲੋਂ NCF-2005 ਅਤੇ PCF-2013 ਦੇ ਆਧਾਰ ਤੇ ਤਿਆਰ ਕੀਤੀ ਗਈ ਹੈ। ਕਿਰਿਆਵਾਂ ਅਤੇ ਚਿੱਤਰਾਂ ਦੀ ਸਹਾਇਤਾ ਨਾਲ ਇਸ ਪਾਠ-ਪੁਸਤਕ ਨੂੰ ਰੋਚਕ ਬਣਾਉਣ ਦਾ ਪੂਰਾ ਯਤਨ ਕੀਤਾ ਗਿਆ ਹੈ। ਇਹ ਪੁਸਤਕ ਬੋਰਡ, SCERT ਦੇ ਮਾਹਿਰਾਂ ਅਤੇ ਖੇਤਰ ਦੇ ਤਜ਼ਰਬੇਕਾਰ ਅਧਿਆਪਕਾਂ/ਮਾਹਿਰਾਂ ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਹੈ। ਬੋਰਡ ਇਨ੍ਹਾਂ ਸਭ ਦਾ ਧੰਨਵਾਦੀ ਹੈ।

ਲੇਖਕਾਂ ਵੱਲੋਂ ਇਹ ਪੂਰੀ ਕੋਸ਼ਿਸ਼ ਕੀਤੀ ਗਈ ਹੈ ਕਿ ਇਸ ਪੁਸਤਕ ਦੀ ਰੂਪ-ਰੇਖਾ ਦੂਜੀ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਮੁਤਾਬਿਕ ਹੀ ਹੋਵੇ। ਪੁਸਤਕ ਵਿੱਚ ਦਿੱਤੀ ਵਿਸ਼ਾ-ਸਮੱਗਰੀ ਅਤੇ ਉਦਾਹਰਨਾਂ ਵਿਦਿਆਰਥੀਆਂ ਦੇ ਆਲੇ-ਦੁਆਲੇ ਦੇ ਵਾਤਾਵਰਨ ਅਤੇ ਉਸ ਨਾਲ ਸੰਬੰਧਿਤ ਪ੍ਰਸਥਿਤੀਆਂ ਮੁਤਾਬਿਕ ਹੀ ਤਿਆਰ ਕੀਤੀਆਂ ਗਈਆਂ ਹਨ। ਹਰੇਕ ਪਾਠ ਵਿੱਚ ਕਈ ਕਿਰਿਆਵਾਂ ਦਿੱਤੀਆਂ ਗਈਆਂ ਹਨ। ਸਥਾਨਕ ਸਾਧਨਾਂ ਅਤੇ ਵਿਦਿਆਰਥੀਆਂ ਦੀ ਜੀਵਨ ਸ਼ੈਲੀ ਅਨੁਸਾਰ ਇਹ ਕਿਰਿਆਵਾਂ ਬਦਲੀਆਂ ਜਾ ਸਕਦੀਆਂ ਹਨ।

ਆਸ ਹੈ ਕਿ ਗਣਿਤ ਵਿਸ਼ੇ ਦੀ ਇਹ ਪਾਠ-ਪੁਸਤਕ ਵਿਦਿਆਰਥੀਆਂ ਲਈ ਰੋਚਕ ਅਤੇ ਲਾਹੇਵੰਦ ਸਿੱਧ ਹੋਵੇਗੀ। ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਆਏ ਸੁਝਾਵਾਂ ਨੂੰ ਬੋਰਡ ਆਦਰ ਸਹਿਤ ਸਵੀਕਾਰ ਕਰੇਗਾ।

**ਚੇਅਰਮੈਨ**
**ਪੰਜਾਬ ਸਕੂਲ ਸਿੱਖਿਆ ਬੋਰਡ**

# ਪਾਠ-ਪੁਸਤਕ ਨਿਰਮਾਣ ਕਮੇਟੀ

## ਲੇਖਕ

- ਗੁਰਿੰਦਰ ਕੌਰ, ਪ੍ਰਾਇਮਰੀ ਅਧਿਆਪਿਕਾ, ਸਰਕਾਰੀ ਪ੍ਰਾਇਮਰੀ ਸਕੂਲ ਝਿਉਰਹੇੜੀ, ਐੱਸ.ਏ.ਐੱਸ. ਨਗਰ।
- ਮਨਿੰਦਰ ਕੌਰ, ਪ੍ਰਾਇਮਰੀ ਅਧਿਆਪਿਕਾ, ਸਰਕਾਰੀ ਐਲੀਮੈਂਟਰੀ ਸਕੂਲ ਅਕਾਲਗੜ੍ਹ, ਪਟਿਆਲਾ।
- ਜਸਪ੍ਰੀਤ ਸਿੰਘ, ਪ੍ਰਾਇਮਰੀ ਅਧਿਆਪਕ, ਸਰਕਾਰੀ ਐਲੀਮੈਂਟਰੀ ਸਕੂਲ ਅਰਾਈ ਮਾਜਰਾ, ਫਤਿਹਗੜ੍ਹ ਸਾਹਿਬ।
- ਗੁਰਨੈਬ ਸਿੰਘ, ਪ੍ਰਾਇਮਰੀ ਅਧਿਆਪਕ, ਸਰਕਾਰੀ ਐਲੀਮੈਂਟਰੀ ਸਕੂਲ ਮਘਾਣੀਆਂ, ਮਾਨਸਾ।
- ਵਿਨੈ ਲੈਕਚਰਾਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੁੜੀਆਂ) ਜੋਗਾ, ਮਾਨਸਾ।
- ਪਵਨਦੀਪ ਕੁਮਾਰ, ਪ੍ਰਾਇਮਰੀ ਅਧਿਆਪਕ, ਸਰਕਾਰੀ ਪ੍ਰਾਇਮਰੀ ਸਕੂਲ ਫਰੌਰ, ਫਤਿਹਗੜ੍ਹ ਸਾਹਿਬ।
- ਪੂਜਾ, ਪ੍ਰਾਇਮਰੀ ਅਧਿਆਪਿਕਾ, ਸਰਕਾਰੀ ਪ੍ਰਾਇਮਰੀ ਸਕੂਲ ਧੁਰਾਲੀ, ਐੱਸ.ਏ.ਐੱਸ. ਨਗਰ।
- ਰੂਬੀ ਖੁੱਲਰ, ਪ੍ਰਾਇਮਰੀ ਅਧਿਆਪਿਕਾ, ਸਰਕਾਰੀ ਐਲੀਮੈਂਟਰੀ ਸਕੂਲ ਲਟੌਰ, ਫਤਿਹਗੜ੍ਹ ਸਾਹਿਬ।
- ਸੁਖਜਿੰਦਰ ਕੁਮਾਰ, ਪ੍ਰਾਇਮਰੀ ਅਧਿਆਪਕ, ਸਰਕਾਰੀ ਪ੍ਰਾਇਮਰੀ ਸਕੂਲ ਦੁਲਬਾ, ਪਟਿਆਲਾ।
- ਗੁਰਪ੍ਰੀਤ ਸਿੰਘ, ਪ੍ਰਾਇਮਰੀ ਅਧਿਆਪਕ, ਸਰਕਾਰੀ ਪ੍ਰਾਇਮਰੀ ਸਕੂਲ ਲੰਗ, ਪਟਿਆਲਾ।

## ਸੋਧਕ

- ਗੁਰਵੀਰ ਕੌਰ, ਵਿਸ਼ਾ ਮਾਹਿਰ, ਐਸ.ਸੀ.ਈ.ਆਰ.ਟੀ., ਪੰਜਾਬ।
- ਰਮਕੀਤ ਕੌਰ, ਵਿਸ਼ਾ ਮਾਹਿਰ, ਐਸ.ਸੀ.ਈ.ਆਰ.ਟੀ., ਪੰਜਾਬ।
- ਨਿਰਮਲ ਕੌਰ, ਏ.ਐਸ.ਪੀ.ਡੀ., ਡੀ.ਜੀ.ਐਸ.ਈ. ਦਫਤਰ, ਪੰਜਾਬ।
- ਪਰਮਿੰਦਰ ਸਿੰਘ, ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੂਹੜੀ ਵਾਲਾ ਧੰਨਾ, ਫਾਜਿਲਕਾ।
- ਹਰਮਿੰਦਰ ਸਿੰਘ, ਗਣਿਤ ਅਧਿਆਪਕ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਡਾਲੀ ਆਲਾ ਸਿੰਘ, ਫਤਿਹਗੜ੍ਹ ਸਾਹਿਬ।
- ਰਾਕੇਸ਼ ਕੁਮਾਰ 'ਦੀਪਕ', ਮੁੱਖ ਅਧਿਆਪਕ (ਸੇਵਾ ਮੁਕਤ), ਐੱਸ.ਏ.ਐੱਸ. ਨਗਰ।
- ਹਰਮੀਤ ਸਿੰਘ, ਮੁੱਖ ਅਧਿਆਪਕ (ਸੇਵਾ ਮੁਕਤ), ਐੱਸ.ਏ.ਐੱਸ. ਨਗਰ।
- ਜਤਿੰਦਰ ਕੁਮਾਰ, ਗਣਿਤ ਅਧਿਆਪਕ, ਸਰਕਾਰੀ ਹਾਈ ਸਕੂਲ ਗਿਆਨਾ ਰਾਮਾ ਮੰਡੀ, ਬਠਿੰਡਾ।
- ਅਰੁਣ ਕੁਮਾਰ ਗਰਗ, ਗਣਿਤ ਅਧਿਆਪਕ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੁਢਲਾਡਾ, ਮਾਨਸਾ।
- ਪਾਰਸ ਕੁਮਾਰ ਖੁੱਲਰ, ਸੀ. ਐਚ. ਟੀ., ਸਰਕਾਰੀ ਐਲੀਮੈਂਟਰੀ ਸਕੂਲ ਗੱਟੀ ਰਹੀਮੇਂ ਕੇ, ਫਿਰੋਜ਼ਪੁਰ।
- ਚਰਨ ਸਿੰਘ, ਗਣਿਤ ਅਧਿਆਪਕ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੂੰਬੜੀਵਾਲਾ, ਫਿਰੋਜ਼ਪੁਰ।

# ਵਿਸ਼ਾ-ਸੂਚੀ


| | | |
|---|---|---|
| 1. | ਸੰਖਿਆਵਾਂ | 1 |
| 2. | ਜੋੜ-ਘਟਾਓ | 46 |
| 3. | ਗੁਣਾ ਅਤੇ ਭਾਗ | 78 |
| 4. | ਧਨ (ਕਰੰਸੀ) | 92 |
| 5. | ਆਕ੍ਰਿਤੀਆਂ | 109 |
| 6. | ਨਮੂਨੇ | 123 |
| 7. | ਮਾਪ | 133 |
| 8. | ਸਮਾਂ | 148 |
| 9. | ਅੰਕੜੇ | 156 |

# ਸਿੱਖਣ ਨਤੀਜੇ

ਸਿਖਿਆਰਥੀ

- ਦੋ ਅੰਕਾਂ ਵਾਲੀਆਂ ਸੰਖਿਆਵਾਂ ਦੀ ਵਰਤੋਂ ਕਰਦੇ ਹਨ।
  - 99 ਤੱਕ ਦੀ ਸੰਖਿਆ ਦੇ ਅੰਕਾਂ ਨੂੰ ਪੜ੍ਹਦੇ ਅਤੇ ਲਿਖਦੇ ਹਨ।
  - ਦੋ ਅੰਕਾਂ ਦੀ ਸੰਖਿਆਵਾਂ ਨੂੰ ਲਿਖਣ ਅਤੇ ਤੁਲਨਾ ਕਰਨ ਵਿੱਚ ਸਥਾਨਕ ਮੁੱਲ ਦੀ ਵਰਤੋਂ ਕਰਦੇ ਹਨ
  - ਅੰਕਾਂ ਦੇ ਦੁਹਰਾਓ ਦੇ ਨਾਲ ਅਤੇ ਉਸਦੇ ਬਿਨਾਂ ਦੋ ਅੰਕਾਂ ਦੀ ਵੱਡੀ ਤੋਂ ਵੱਡੀ ਅਤੇ ਸਭ ਤੋਂ ਛੋਟੀ ਸੰਖਿਆ ਬਣਾਉਂਦੇ ਹਨ।
  - ਦੋ ਅੰਕਾਂ ਦੀ ਸੰਖਿਆਵਾਂ ਦੇ ਜੋੜ 'ਤੇ ਅਧਾਰਿਤ ਰੋਜ਼ਾਨਾ ਜੀਵਨ ਦੀ ਸਮੱਸਿਆਵਾਂ ਨੂੰ ਹੱਲ ਕਰਦੇ ਹਨ।
  - ਦੋ ਅੰਕਾਂ ਦੀ ਸੰਖਿਆਵਾਂ ਦੇ ਘਟਾਉਣ 'ਤੇ ਆਧਾਰਿਤ ਰੋਜ਼ਾਨਾ ਜੀਵਨ ਦੀ ਸਮੱਸਿਆਵਾਂ ਨੂੰ ਹੱਲ ਕਰਦੇ ਹਨ।
  - 3-4 ਨੋਟ ਅਤੇ ਸਿੱਕਿਆਂ (ਸਮਾਨ/ਅਸਮਾਨ ਮੁੱਲ ਦੇ ) ਦੀ ਵਰਤੋਂ ਕਰਦੇ ਹੋਏ 100 ਰੁਪਏ ਤੱਕ ਦੇ ਮੁੱਲ ਵਾਲੀ ਖੇਡ ਮੁਦਰਾ ਦਰਸਾਉਂਦੇ ਹਨ।
- ਮੂਲ 3D (ਤਿੰਨ ਪਸਾਰੀ) ਅਤੇ 2D(ਦੋ ਪਸਾਰੀ) ਆਕ੍ਰਿਤੀਆਂ ਦੀ, ਉਹਨਾਂ ਦੀਆਂ ਵਿਸ਼ੇਸ਼ਤਾਵਾਂ ਦੇ ਨਾਲ ਚਰਚਾ ਕਰਦੇ ਹਨ।
  - 3D(ਤਿੰਨ ਪਸਾਰੀ) ਆਕ੍ਰਿਤੀਆਂ ਜਿਵੇਂ ਘਣਾਵ, ਬੇਲਨ, ਸ਼ੰਕੂ, ਗੋਲ਼ਾ ਆਦਿ ਨੂੰ ਉਹਨਾਂ ਦੇ ਨਾਂ ਤੋਂ ਪਹਿਚਾਣਦੇ ਹਨ।
  - ਸਿੱਧੀ ਰੇਖਾ ਅਤੇ ਵਕਰ ਰੇਖਾ ਵਿੱਚ ਅੰਤਰ ਦਸਦੇ ਹਨ।
  - ਸਿੱਧੀ ਰੇਖਾ ਦਾ ਖੜ੍ਹਵੀਂ, ਲੇਟਵੀਂ, ਟੇਢੀ ਰੇਖਾ ਦੇ ਰੂਪ ਵਿੱਚ ਪ੍ਰਦਰਸ਼ਿਤ ਕਰਦੇ ਹਨ।
- ਲੰਬਾਈਆਂ/ਦੂਰੀਆਂ ਅਤੇ ਬਰਤਨਾਂ ਦੀ ਧਾਰਨ ਸਮਰੱਥਾ ਦਾ ਅੰਦਾਜ਼ਾ ਲਗਾਉਂਦੇ ਹਨ। ਅਤੇ ਮਾਪਣ ਵਾਸਤੇ ਇਕਸਾਰ ਪਰੰਤੂ ਗੈਰ ਮਾਣਕ ਇਕਾਈਆਂ ਜਿਵੇਂ ਕਿ ਛੜ/ਪੈੱਨਸਿਲ, ਕੱਪ/ਚਮਚ/ਬਾਲਟੀ ਆਦਿ ਦੀ ਵਰਤੋਂ ਕਰਦੇ ਹਨ।
- ਆਮ ਤੱਕੜੀ ਦੀ ਵਰਤੋਂ ਕਰਦੇ ਹੋਏ ਵਸਤੂਆਂ ਦੀ 'ਤੋਂ ਭਾਰੀ ਤੋਂ /ਤੋਂ ਹਲਕੀ' ਸ਼ਬਦਾਂ ਦੀ ਵਰਤੋਂ ਕਰਦੇ ਹੋਏ ਤੁਲਨਾ ਕਰਦੇ ਹਨ।
- ਹਫਤੇ ਦੇ ਦਿਨਾਂ ਅਤੇ ਸਾਲ ਦੇ ਮਹੀਨਿਆਂ ਨੂੰ ਪਹਿਚਾਣਦੇ ਹਨ।
- ਵੱਖ ਵੱਖ ਘਟਨਾਵਾਂ ਦੇ ਵਾਪਰਨ ਹੋਣ ਦੇ ਸਮੇਂ (ਘੰਟਿਆਂ /ਦਿਨਾਂ ) ਦੇ ਅਨੁਸਾਰ ਤਰਤੀਬ ਨਾਲ ਦਿਖਾਉਂਦੇ ਹਨ। ਜਿਵੇਂ 'ਕਿ ਕੋਈ ਬੱਚਾ ਘਰ ਨਾਲੋਂ ਸਕੂਲ ਵਿੱਚ ਜਿਆਦਾ ਵੱਧ ਸਮਾਂ ਰਹਿੰਦਾ ਹੈ?'
- ਸੰਕਲਿਤ ਅੰਕੜਿਆਂ ਤੋਂ ਨਤੀਜੇ ਕੱਢਦੇ ਹਨ ਜਿਵੇਂ ਸਮੀਰ ਦੇ ਘਰ ਵਿੱਚ ਵਰਤੋਂ ਯੋਗ ਵਾਹਨਾਂ ਦੀ ਸੰਖਿਆ ਏਂਜਲੀਨਾ ਦੇ ਘਰ ਵਿੱਚ ਵਰਤੋਂ ਯੋਗ ਵਾਹਨਾਂ ਦੀ ਤੁਲਨਾ ਵਿੱਚ ਵੱਧ ਹਨ।

# 1 ਸੰਖਿਆਵਾਂ

## ਉਦੇਸ਼

1. ਰੋਜ਼ਾਨਾ ਜੀਵਨ ਦੀਆਂ ਕਿਰਿਆਵਾਂ ਵਿੱਚ ਗਣਿਤ ਦੇ ਮਹੱਤਵ ਨੂੰ ਸਮਝਣਾ।
2. ਰੋਜ਼ਾਨਾ ਜੀਵਨ ਵਿੱਚ ਵਧਾਉਣਾ-ਘਟਾਉਣਾ, ਅਗੇਤਰ-ਪਿਛੇਤਰ ਦੇ ਸੰਕਲਪ ਨੂੰ ਸਮਝਣਾ।
3. ਬੱਚਿਆਂ ਵਿੱਚ ਖੇਡ-ਖੇਡ ਅਤੇ ਪ੍ਰਯੋਗੀ ਕਿਰਿਆਵਾਂ ਰਾਹੀਂ ਗਣਿਤ ਵਿੱਚ ਰੁਚੀ ਪੈਦਾ ਕਰਨਾ।
4. 100 ਤੱਕ ਦੀਆਂ ਸੰਖਿਆਵਾਂ ਨਾਲ ਸੰਬਧਿਤ ਕਿਰਿਆਵਾਂ ਨੂੰ ਵੱਖ-ਵੱਖ ਢੰਗਾਂ, ਗਤੀਵਿਧੀਆਂ ਨਾਲ ਕਰਨ ਦੇ ਯੋਗ ਬਣਾਉਣਾ।
5. ਮਾਨਸਿਕ ਤੇ ਬੋਧਿਕ ਵਿਕਾਸ ਕਰਨਾ।
6. ਬੱਚਿਆਂ ਨੂੰ ਭਵਿੱਖ ਵਿੱਚ ਗਣਿਤ ਨੂੰ ਸਮਝਣ ਲਈ ਤਿਆਰ ਕਰਨਾ।

### ਕੀ ਤੁਹਾਨੂੰ ਯਾਦ ਹੈ ?

1 ਤੋਂ 20 ਤੱਕ ਸਿੱਧੀ ਗਿਣਤੀ ਲਿਖੋ।

| | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| | | | | | | | | | | | | | | | | | | | |

20 ਤੋਂ 1 ਤੱਕ ਪੁੱਠੀ ਗਿਣਤੀ ਲਿਖੋ।

| | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| | | | | | | | | | | | | | | | | | | | |

ਅੱਜ ਅਸੀਂ ਆਪਣੀ ਜਮਾਤ ਦੇ ਬੱਚਿਆਂ ਦੀ ਗਿਣਤੀ ਕਰਾਂਗੇ ਤੇ ਤੁਸੀਂ ਮੈਨੂੰ ਜਮਾਤ ਵਿੱਚ ਹਾਜ਼ਰ ਬੱਚਿਆਂ ਬਾਰੇ ਦੱਸੋਗੇ।

## ਗਤੀਵਿਧੀ

**ਅੱਜ ਸਾਡੀ ਜਮਾਤ ਵਿੱਚ ਕਿੰਨੇ ਬੱਚੇ ਹਾਜ਼ਰ ਹਨ?**



ਅੱਜ ਜਮਾਤ ਵਿੱਚ ਕਿੰਨੇ ਮੁੰਡੇ ਹਾਜ਼ਰ ਹਨ? ———————

ਅੱਜ ਜਮਾਤ ਵਿੱਚ ਕਿੰਨੀਆਂ ਕੁੜੀਆਂ ਹਾਜ਼ਰ ਹਨ? ———————

ਮੁੰਡੇ-ਕੁੜੀਆਂ ਮਿਲਾ ਕੇ ਕਿੰਨੇ ਬੱਚੇ ਹਾਜ਼ਰ ਹਨ? ———————

## ਗਤੀਵਿਧੀ

**ਕਦਮਾਂ ਨਾਲ ਗਿਣਤੀ**






**ਅਧਿਆਪਕ ਸੰਕੇਤ**

ਕਦਮਾਂ ਨਾਲ ਗਿਣਤੀ ਬੋਲਦੇ ਹੋਏ, ਧਿਆਨ ਰਹੇ ਕਿ ਬੱਚੇ ਦੇ ਕਦਮ ਅਤੇ ਸੰਖਿਆ ਆਪਸ ਵਿੱਚ ਮੇਲ ਖਾਂਦੇ ਹੋਣ। ਇਸ ਗੱਲ ਦਾ ਵੀ ਧਿਆਨ ਰੱਖਣਾ ਹੈ ਕਿ ਇੱਕ ਪੈਰ ਦੀ ਅੱਡੀ ਨੂੰ ਦੂਜੇ ਪੈਰ ਦਾ ਪੰਜਾ ਛੂਹ ਰਿਹਾ ਹੋਵੇ। ਇਹ ਪ੍ਰਕ੍ਰਿਆ ਕਈ ਦਿਨ ਕਰਵਾਈ ਜਾਵੇ। ਉਸ ਤੋਂ ਬਾਅਦ ਦੱਸੀ ਸੰਖਿਆ ਅਨੁਸਾਰ ਕੋਈ ਸਥੂਲ ਵਸਤੂਆਂ ਗਿਣਨ ਨੂੰ ਕਹਿਣਾ। “ਅੱਜ ਸਾਡੀ ਜਮਾਤ ਵਿੱਚ ਕਿੰਨੇ ਬੱਚੇ” ਤਹਿਤ ਜਮਾਤ ਦੇ ਹਾਜ਼ਰ ਬੱਚਿਆਂ/ਮੁੰਡਿਆਂ/ਕੁੜੀਆਂ ਦੀ ਗਿਣਤੀ ਬਾਰੇ ਅਧਿਆਪਕ ਰੋਜ਼ਾਨਾ ਬੱਚਿਆਂ ਤੋਂ ਪੁੱਛਣਗੇ।

## ਆਓ ਖੇਡੀਏ

### ਇਕਾਈ, ਦਹਾਈ ਦਾ ਗਿਆਨ: ਖੇਡ ਵਿਧੀ ਰਾਹੀਂ

**ਸਮੱਗਰੀ: 1-1 ਦੇ 9 ਕਾਰਡ, 10-10 ਦੇ 9 ਕਾਰਡ**

**ਵਿਧੀ:** (i) ਜ਼ਮੀਨ 'ਤੇ ਦੋ ਚੱਕਰ ਖਿੱਚੋ। ਸੱਜੇ ਹੱਥ ਵਾਲੇ ਚੱਕਰ ਦੇ ਬਾਹਰ 9 ਬੱਚੇ ਖੜ੍ਹੇ ਕਰੋ ਜਿਨ੍ਹਾਂ ਕੋਲ 1-1 ਦੇ ਕਾਰਡ ਹੋਣ।



ਖੱਬੇ ਹੱਥ ਵਾਲੇ ਚੱਕਰ ਦੇ ਬਾਹਰ 9 ਬੱਚੇ ਖੜ੍ਹੇ ਕਰੋ ਜਿਨ੍ਹਾਂ ਕੋਲ 10-10 ਦੇ ਕਾਰਡ ਹੋਣ।

ਅਧਿਆਪਕ ਕੋਈ ਦੋ ਅੰਕੀ ਸੰਖਿਆ ਬੋਲਣਗੇ।

(ii) ਬੱਚੇ ਬੋਲੀ ਗਈ ਸੰਖਿਆ ਅਨੁਸਾਰ ਚੱਕਰ ਵਿੱਚ ਛਾਲ ਮਾਰਨਗੇ।

ਜਿਵੇਂ :- ਬੋਲੀ ਗਈ ਸੰਖਿਆ 34 ਅਨੁਸਾਰ 1-1 ਦੇ ਕਾਰਡ ਵਾਲੇ 4 ਬੱਚੇ ਅਤੇ 10-10 ਦੇ ਕਾਰਡ ਵਾਲੇ 3 ਬੱਚੇ ਚੱਕਰ ਵਿੱਚ ਛਾਲ ਮਾਰਨਗੇ।



**ਅਧਿਆਪਕ ਸੰਕੇਤ**

ਅਧਿਆਪਕ ਵਾਰ ਵਾਰ ਸੰਖਿਆ ਬਦਲ ਕੇ ਬੋਲਣਗੇ ਅਤੇ ਬੱਚੇ ਛਲਾਂਗ ਮਾਰ ਕੇ ਸੰਖਿਆ ਬਣਾਉਣਗੇ।

## ਪ੍ਰਯੋਗੀ ਕਿਰਿਆ



**ਉਦੇਸ਼:** ਇਕਾਈਆਂ-ਦਹਾਈਆਂ ਦਾ ਗਿਆਨ।

**ਸਮੱਗਰੀ:** 1-1 ਰੁਪਏ ਦੇ 10 ਕਰੰਸੀ ਨੋਟ।

10-10 ਰੁਪਏ ਦੇ 10 ਕਰੰਸੀ ਨੋਟ।

**ਵਿਧੀ:**
1. ਸਾਰੇ ਕਰੰਸੀ ਨੋਟ ਮੇਜ 'ਤੇ ਰੱਖੋ।
2. ਬੱਚਿਆਂ ਨੂੰ 1-1 ਰੁਪਏ ਦੇ ਕਰੰਸੀ ਨੋਟ ਗਿਣਨ ਨੂੰ ਕਹੋ।
3. 1-1 ਰੁਪਏ ਦੇ 10 ਨੋਟਾਂ ਬਦਲੇ 10 ਰੁਪਏ ਦੇ ਇੱਕ ਨੋਟ ਨੂੰ ਚੁੱਕਣ ਲਈ ਕਹੋ।
4. ਹੁਣ 10-10 ਰੁਪਏ ਦੇ ਕਰੰਸੀ ਨੋਟ ਗਿਣਨ ਨੂੰ ਕਹੋ।
5. ਹੁਣ ਵੱਖ-ਵੱਖ ਸੰਖਿਆਵਾਂ ਬਣਾਉਣ ਲਈ ਕਹੋ।

ਜਿਵੇਂ : ਸੰਖਿਆ 18 ਬਣਾਓ।




6. ਬਣਾਈ ਸੰਖਿਆ ਦੀਆਂ ਇਕਾਈਆਂ, ਦਹਾਈਆਂ ਪੁੱਛੋ।



## ਆਓ ਸਿੱਖੀਏ

### ਕਰੰਸੀ ਨੋਟਾਂ ਨਾਲ ਇਕਾਈ, ਦਹਾਈ ਦਾ ਗਿਆਨ



ਇੱਕ-ਦਹਾਈ



ਇੱਕ-ਇਕਾਈ

ਸੰਖਿਆ 4



4 ਇਕਾਈਆਂ

ਸੰਖਿਆ 26



2 ਦਹਾਈਆਂ



6 ਇਕਾਈਆਂ

ਸੰਖਿਆ 42



4 ਦਹਾਈਆਂ



2 ਇਕਾਈਆਂ

ਸੰਖਿਆ 70



7 ਦਹਾਈਆਂ

ਸੰਖਿਆ 99



9 ਦਹਾਈਆਂ



9 ਇਕਾਈਆਂ

**ਅਧਿਆਪਕ ਸੰਕੇਤ**

ਅਧਿਆਪਕ ਬੱਚਿਆਂ ਨੂੰ ਪਹਿਲਾਂ 1 ਤੋਂ 10 ਤੱਕ ਕਰੰਸੀ ਨੋਟ ਗਿਣਦੇ ਹੋਏ ਇਹ ਦੱਸਣਗੇ ਕਿ 9 ਤੱਕ ਗਿਣਦੇ ਹੋਏ ਇੱਕ-ਇੱਕ ਦੇ ਨੋਟ ਚੁੱਕਣੇ ਹਨ। ਜਦੋਂ 10 ਹੋਵੇ ਤਾਂ ਉਸ ਵੇਲੇ ਇੱਕ-ਇੱਕ ਦੇ 10 ਨੋਟਾਂ ਬਦਲੇ 10 ਰੁਪਏ ਦਾ ਇੱਕ ਨੋਟ ਚੁੱਕਣਗੇ।

## ਆਓ ਕਰੀਏ



### 1. ਗਿਣੋ ਤੇ ਲਿਖੋ:

(i)



---------------------

(ii)



---------------------

(iii)



---------------------

(iv)



---------------------

(v)



---------------------

## ਦਿੱਤੀ ਸੰਖਿਆ ਅਨੁਸਾਰ ਨੋਟ ਬਣਾਓ

9 =



19 =





29 =

49 =

59 =

69 =

89 =

99 =

## ਪ੍ਰਯੋਗੀ ਕਿਰਿਆ



**ਉਦੇਸ਼:** ਦੋ ਅੰਕੀ ਸੰਖਿਆਵਾਂ ਨੂੰ ਗਿਣਤਾਰੇ ਦੀ ਸਹਾਇਤਾ ਨਾਲ ਦਰਸਾਉਣਾ।

**ਲੋੜੀਂਦੀ ਸਮੱਗਰੀ:** ਕਲੇਅ, ਤੀਲੀਆਂ, ਮੋਤੀ ਅਤੇ ਕਰੰਸੀ ਨੋਟ।

**ਵਿਧੀ :**

1. ਬੱਚਿਆਂ ਨੂੰ ਕਲੇਅ ਦੀ ਸਹਾਇਤਾ ਨਾਲ ਕਲੇਅ ਬੇਸ ਤਿਆਰ ਕਰਨ ਲਈ ਕਹਿਣਾ। ਬੇਸ ਉੱਤੇ ਸੱਜੇ ਹੱਥ ਵੱਲ ਇੱਕ ਰੁਪਏ ਅਤੇ ਖੱਬੇ ਹੱਥ ਵੱਲ 10 ਦਾ ਕਰੰਸੀ ਨੋਟ ਲਗਾਉਣ ਲਈ ਕਹਿਣਾ।




2. ਬੱਚਿਆਂ ਨੂੰ 2 ਤੀਲੀਆਂ ਕਲੇਅ ਵਿੱਚ ਲਗਾਉਣ ਲਈ ਕਹਿਣਾ। (ਇਕਾਈ, ਦਹਾਈ ਦਰਸਾਉਣ ਸੰਬੰਧੀ)




3. ਅਧਿਆਪਕ ਬੱਚਿਆਂ ਨੂੰ ਕੋਈ ਸੰਖਿਆ ਜਿਵੇਂ ਕਿ 25 ਦੱਸਣਗੇ।
4. ਹੁਣ ਬੱਚਿਆਂ ਨੂੰ ਦਿੱਤੀ ਸੰਖਿਆ ਮੁਤਾਬਕ ਮੋਤੀ ਗਿਣਤਾਰੇ ਵਿੱਚ ਪਾਉਣ ਲਈ ਕਹਿਣਾ।




**ਅਧਿਆਪਕ ਸੰਕੇਤ**

ਅਧਿਆਪਕ ਬੱਚਿਆਂ ਨੂੰ ਦੱਸਣਗੇ ਕਿ ਗਿਣਤਾਰੇ ਦੀਆਂ ਤੀਲੀਆ ਵਿੱਚ ਸਿਰਫ਼ ਨੌਂ ਮੋਤੀ ਹੀ ਆਉਂਦੇ ਹਨ। ਇਸ ਤਰ੍ਹਾਂ ਇਕਾਈ ਦੀ ਤੀਲੀ ਵਿੱਚ ਸਿਰਫ਼ ਨੌਂ ਮੋਤੀ ਹੀ ਆਉਂਦੇ ਹਨ। ਇਸ ਲਈ, ਇਕਾਈ ਦੇ 10 ਮੋਤੀਆਂ ਲਈ ਦਹਾਈ ਦੀ ਤੀਲੀ ਵਿੱਚ ਸਿਰਫ਼ 1 ਮੋਤੀ ਪਾਉਂਦੇ ਹਾਂ।



## ਆਓ ਸਿੱਖੀਏ

### ਗਿਣਤਾਰੇ ਨਾਲ ਇਕਾਈ, ਦਹਾਈ ਦਾ ਗਿਆਨ




**ਅਧਿਆਪਕ ਸੰਕੇਤ**

ਅਧਿਆਪਕ ਬੱਚਿਆਂ ਨੂੰ ਇਕਾਈਆਂ ਨੂੰ ਲਿਖਣ ਦਾ ਲਘੂ ਰੂਪ ਇ. ਅਤੇ ਦਹਾਈਆਂ ਨੂੰ ਲਿਖਣ ਦਾ ਲਘੂ ਰੂਪ ਦ. ਬਾਰੇ ਦੱਸਣਗੇ।

## ਆਓ ਕਰੀਏ



ਗਿਣਤਾਰੇ ਦੇ ਮੋਤੀ ਗਿਣੋ ਅਤੇ ਸੰਖਿਆ ਨੂੰ ਅੰਕਾਂ ਅਤੇ ਸ਼ਬਦਾਂ ਵਿੱਚ ਲਿਖੋ।
























ਦਿੱਤੀਆਂ ਗਈਆਂ ਸੰਖਿਆਵਾਂ ਨੂੰ ਗਿਣਤਾਰੇ 'ਤੇ ਦਰਸਾਓ।




27




32




45




39




49




59




68




73




84




69




79




89



# ਆਓ ਹੁਣ ਸੈਂਕੜਾ ਬਣਾਈਏ

## ਕਰੰਸੀ ਨੋਟਾਂ ਨਾਲ ਸੈਂਕੜੇ ਦਾ ਗਿਆਨ



10 ਇਕਾਈਆਂ

1 ਦਹਾਈ



10 ਦਹਾਈਆਂ

1 ਸੈਂਕੜਾ

## ਗਿਣਤਾਰੇ ਨਾਲ ਸੈਂਕੜੇ ਦਾ ਗਿਆਨ




10 ਇਕਾਈਆਂ

1 ਦਹਾਈ




10 ਦਹਾਈਆਂ

1 ਸੈਂਕੜਾ

**1 ਸੈਂਕੜਾ = 10 ਦਹਾਈਆਂ = 100 ਇਕਾਈਆਂ**



## ਆਓ ਸਿੱਖੀਏ

## ਸੰਖਿਆ ਨੂੰ ਇਕਾਈ-ਦਹਾਈ ਵਿੱਚ ਤੋੜਨਾ

(ੳ) 

20
6 → 26

20 + 6 = 26 → 20, 6

| ਦਹਾਈਆਂ | ਇਕਾਈਆਂ |
|---|---|
| 2 | 6 |

2 ਦਹਾਈਆਂ 6 ਇਕਾਈਆਂ

(ਅ) 


30
5 → 35

30 + 5 = 35 → 30, 5

| ਦਹਾਈਆਂ | ਇਕਾਈਆਂ |
|---|---|
| 3 | 5 |

3 ਦਹਾਈਆਂ 5 ਇਕਾਈਆਂ

(ੲ) 

40
3 → 43

43 → 40, 3

40 + 3 = 43

| ਦਹਾਈਆਂ | ਇਕਾਈਆਂ |
|---|---|
| 4 | 3 |

4 ਦਹਾਈਆਂ 3 ਇਕਾਈਆਂ

## ਆਓ ਕਰੀਏ



### ਸੰਖਿਆ ਨੂੰ ਇਕਾਈਆਂ, ਦਹਾਈਆਂ ਵਿੱਚ ਲਿਖੋ

(1)



| ਦਹਾਈਆਂ | ਇਕਾਈਆਂ |
|---|---|
| | |

24 =...........ਦਹਾਈਆਂ ...........ਇਕਾਈਆਂ

---

(2)



| ਦਹਾਈਆਂ | ਇਕਾਈਆਂ |
|---|---|
| | |

56 =...........ਦਹਾਈਆਂ ...........ਇਕਾਈਆਂ

---

(3)




| ਦਹਾਈਆਂ | ਇਕਾਈਆਂ |
|---|---|
| | |

42 =...........ਦਹਾਈਆਂ ...........ਇਕਾਈਆਂ

## ਇਕਾਈਆਂ, ਦਹਾਈਆਂ ਗਿਣੋ ਅਤੇ ਸੰਖਿਆ ਦੱਸੋ

(1)



| ਦਹਾਈਆਂ | ਇਕਾਈਆਂ |
|---|---|
| | |

............ਦਹਾਈਆਂ ............ਇਕਾਈਆਂ = ............

---

(2)




| ਦਹਾਈਆਂ | ਇਕਾਈਆਂ |
|---|---|
| | |

............ਦਹਾਈਆਂ ............ਇਕਾਈਆਂ = ............

---

(3)



| ਦਹਾਈਆਂ | ਇਕਾਈਆਂ |
|---|---|
| | |

............ ਦਹਾਈਆਂ ............ਇਕਾਈਆਂ =............

## ਪੰਛੀਆਂ ਨੂੰ ਉਹਨਾਂ ਦੇ ਆਲ੍ਹਣਿਆਂ ਨਾਲ ਮਿਲਾਓ





## ਆਓ ਖੇਡੀਏ ਤਾੜੀ, ਚੁੱਟਕੀ

**ਉਦੇਸ਼ : ਇਕਾਈਆਂ, ਦਹਾਈਆਂ ਦੀ ਜਾਣਕਾਰੀ**

**ਵਿਧੀ:** ਅਧਿਆਪਕ ਬੱਚਿਆਂ ਨੂੰ ਦੱਸੇਗਾ ਕਿ

1 ਤਾੜੀ ਮਤਲਬ 10
2 ਤਾੜੀਆਂ ਮਤਲਬ 20
3 ਤਾੜੀਆਂ ਮਤਲਬ 30
....................
....................
....................
9 ਤਾੜੀਆਂ ਮਤਲਬ 90

1 ਚੁੱਟਕੀ ਮਤਲਬ 1
2 ਚੁੱਟਕੀ ਮਤਲਬ 2
3 ਚੁੱਟਕੀ ਮਤਲਬ 3
.................
.................
.................
9 ਚੁੱਟਕੀ ਮਤਲਬ 9



ਤਾੜੀ, ਚੁੱਟਕੀ ਬਾਰੇ ਦੱਸਣ ਤੋਂ ਬਾਅਦ ਅਧਿਆਪਕ ਕੋਈ ਸੰਖਿਆ ਬੋਲੇ, ਜਿਵੇਂ ਕਿ 37 (ਬੱਚੇ ਤਿੰਨ ਵਾਰ ਤਾੜੀ ਅਤੇ ਸੱਤ ਵਾਰ ਚੁੱਟਕੀ ਮਾਰਨਗੇ)

- ਸੰਖਿਆ ਬਦਲ-ਬਦਲ ਕੇ ਬੋਲਣਾ।
- ਤਾੜੀ = ਦਹਾਈ, ਚੁੱਟਕੀ = ਇਕਾਈ।
- ਸੰਖਿਆ ਨੂੰ ਸਥਾਨਕ ਮੁੱਲ ਸਾਰਣੀ ਵਿੱਚ ਬਲੈਕ-ਬੋਰਡ 'ਤੇ ਲਿਖਵਾਉਣਾ।

| ਦਹਾਈ | ਇਕਾਈ |
|---|---|
| 3 | 7 |

**ਅਧਿਆਪਕ ਸੰਕੇਤ**

ਬੱਚਿਆਂ ਨੂੰ ਕਹਿਣਾ ਕਿ ਉਹ ਸੰਖਿਆ ਧਿਆਨ ਨਾਲ ਸੁਣਨ।

## 9 ਦਾ ਪਰਿਵਾਰ



| | | | |
|---|---|---|---|
| 10 ਤੇ 9 ਨਾਲ ਬਣੇ ਉੱਨੀ<br>ਸਿਰ ਤੇ ਲੈ ਲੈ ਕੁੜੀਏ ਚੁੰਨੀ | 10 | 9 → | 19 |
| 20 ਤੇ 9 ਨਾਲ ਬਣੇ ਉਣੱਤੀ<br>ਚਾਹ ਵਿੱਚ ਪਾਵੋ ਥੋੜ੍ਹੀ ਪੱਤੀ | 20 | 9 → | 29 |
| 30 ਤੇ 9 ਨਾਲ ਬਣੇ ਉਣਤਾਲ਼ੀ<br>ਸੜਕ 'ਤੇ ਚੱਲਦੇ ਕਰੋ ਨਾ ਕਾਹਲੀ | 30 | 9 → | 39 |
| 40 ਤੇ 9 ਨਾਲ ਬਣੇ ਉਣੰਜਾ<br>ਜਾ ਚੁੱਕ ਲਿਆ ਮੰਜਾ | 40 | 9 → | 49 |
| 50 ਤੋਂ 9 ਨਾਲ ਬਣੇ ਉਣਾਹਠ<br>ਖੱਟੇ ਮਿੱਠੇ ਖਾਓ ਲੁਕਾਹਠ | 50 | 9 → | 59 |
| 60 ਤੇ 9 ਨਾਲ ਬਣੇ ਉਣੱਤਰ<br>ਭੁੱਲ ਗਏ ਸਾਰੇ ਚਿੱਠੀ ਪੱਤਰ | 60 | 9 → | 69 |
| 70 ਤੇ 9 ਨਾਲ ਬਣੇ ਉਣਾਸੀ<br>ਮੱਖਣ ਖਾਣ ਨੂੰ ਦੇਵੇ ਮਾਸੀ | 70 | 9 → | 79 |
| 80 ਤੇ 9 ਨਾਲ ਬਣੇ ਉਣਾਨਵੇਂ<br>ਛੁੱਟੀਆਂ ਵਿੱਚ ਜਾਣਾ ਘਰ ਮਾਮੇ | 80 | 9 → | 89 |
| 90 ਤੇ 9 ਨਾਲ ਬਣੇ ਨੜਿੰਨ੍ਹਵੇਂ<br>ਛੁੱਟੀਆਂ ਦੇ ਦਿਨ ਰਹਿ ਗਏ ਗਿਣਵੇਂ | 90 | 9 → | 99 |

**ਅਧਿਆਪਕ ਸੰਕੇਤ**

ਤੁਕਬੰਦੀ ਕਰਵਾਉਂਦੇ ਹੋਏ ਮਾਨ ਕਾਰਡ ਦੀ ਵਰਤੋਂ ਕਰਨਾ।

# 1-100 ਤੱਕ ਗਿਣਤੀ ਲਿਖੋ

1

100



# ਮੈਂ ਹਾਂ ਸੰਖਿਆ ਮੇਰਾ ਨਾਂ ਦੱਸੋ




## ਅਧਿਆਪਕ ਸੰਕੇਤ

ਅਧਿਆਪਕ ਦੋ ਤਰ੍ਹਾਂ ਦੇ ਫਲੈਸ਼ ਕਾਰਡ ਤਿਆਰ ਕਰਨਗੇ। ਇੱਕ ਸੈੱਟ 'ਤੇ ਅੰਕਾਂ ਵਿੱਚ ਗਿਣਤੀ ਅਤੇ ਦੂਜੇ ਸੈੱਟ 'ਤੇ ਸ਼ਬਦਾਂ ਵਿੱਚ ਗਿਣਤੀ ਲਿਖਣਗੇ। ਬੱਚਿਆਂ ਦੇ ਦੋ ਗਰੁੱਪ ਬਣਾ ਕੇ ਕਾਰਡ ਵੰਡੇ ਜਾਣਗੇ। ਅੰਕਾਂ ਵਾਲੀ ਸੰਖਿਆ ਦੇ ਕਾਰਡ ਵਾਲਾ ਬੱਚਾ ਖੜਾ ਹੋ ਕੇ ਪੁੱਛੇਗਾ। "ਮੈਂ ਹਾਂ ਸੰਖਿਆ ਮੇਰਾ ਨਾਂ ਦੱਸੋ।" ਇਸ ਤਰ੍ਹਾਂ ਸ਼ਬਦਾਂ ਵਿੱਚ ਲਿਖੀ ਉਹੀ ਸੰਖਿਆ ਵਾਲਾ ਬੱਚਾ ਖੜਾ ਹੋ ਜਾਵੇਗਾ।

## ਆਓ ਸਿੱਖੀਏ

### ਬਿਲਕੁਲ ਪਹਿਲਾਂ, ਬਿਲਕੁਲ ਬਾਅਦ ਅਤੇ ਵਿਚਕਾਰ










| | |
|---|---|
| 33 ਤੋਂ ਬਿਲਕੁਲ ਪਹਿਲਾਂ ਕਿਹੜੀ ਸੰਖਿਆ ਹੈ? | 32 |
| 33 ਤੋਂ ਬਿਲਕੁਲ ਬਾਅਦ ਕਿਹੜੀ ਸੰਖਿਆ ਹੈ? | 34 |
| 33 ਅਤੇ 35 ਦੇ ਵਿਚਕਾਰ ਕਿਹੜੀ ਸੰਖਿਆ ਹੈ? | 34 |
| 32 ਤੋਂ ਬਿਲਕੁਲ ਪਹਿਲਾਂ ਕਿਹੜੀ ਸੰਖਿਆ ਹੈ? | 31 |
| 36 ਤੋਂ ਬਿਲਕੁਲ ਪਹਿਲਾਂ ਕਿਹੜੀ ਸੰਖਿਆ ਹੈ? | 35 |
| 34 ਤੋਂ ਬਿਲਕੁਲ ਬਾਅਦ ਕਿਹੜੀ ਸੰਖਿਆ ਹੈ? | 35 |
| 32 ਤੋਂ ਬਿਲਕੁਲ ਬਾਅਦ ਕਿਹੜੀ ਸੰਖਿਆ ਹੈ? | 33 |
| 31 ਅਤੇ 33 ਦੇ ਵਿਚਕਾਰ ਕਿਹੜੀ ਸੰਖਿਆ ਹੈ? | 32 |

## ਬਿਲਕੁਲ ਪਹਿਲਾਂ, ਬਿਲਕੁਲ ਬਾਅਦ ਅਤੇ ਵਿਚਕਾਰ

| | | | | | | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|---|---|---|---|---|
| 0 | 1 | 2 | 3 | 4 | 5 | 6 | — | — | — | — | — | 30 | 31 | 32 | 33 | 34 | — | — | — | — | 46 | 47 | 48 | 49 | 50 |

ਬਿਲਕੁਲ ਪਹਿਲਾਂ (32) — ਵਿਚਕਾਰ (33) — ਬਿਲਕੁਲ ਬਾਅਦ (34)






### ਆਓ ਕਰੀਏ






ਬਿਲਕੁਲ ਪਹਿਲਾਂ ਵਾਲੀ ਸੰਖਿਆ




ਸਮਝੋ ਅਤੇ ਖਾਲੀ ਥਾਵਾਂ ਭਰੋ




ਬਿਲਕੁਲ ਬਾਅਦ ਵਾਲੀ ਸੰਖਿਆ





## ਆਓ ਸਿੱਖੀਏ

### ਅੰਕਾਂ ਦਾ ਸਥਾਨਕ ਮੁੱਲ

ਜਿਸ ਅੰਕ ਦਾ ਸਥਾਨਕ ਮੁੱਲ ਹੈ ਦੱਸਣਾ,
ਉਸ ਅੰਕ 'ਤੇ ਪਹਿਲਾਂ ਜਾਓ।
ਉਸ ਅੰਕ ਦੇ ਸੱਜੇ ਪਾਸੇ, ਅੰਕ ਹਨ ਜਿੰਨੇ
ਓਨੀਆਂ ਹੀ ਪਿੱਛੇ ਸਿਫ਼ਰਾ ਲਾਓ।






2 7

2 ਦਹਾਈਆਂ 7 ਇਕਾਈਆਂ

| ਦਹਾਈ | ਇਕਾਈ |
|---|---|
| 2 | 7 |

7 ਇਕਾਈਆਂ = 7 × 1 = 7

2 ਦਹਾਈਆਂ = 2 × 10 = 20

ਇਸ ਲਈ : 27 ਵਿੱਚ 7 ਦਾ ਸਥਾਨਕ ਮੁੱਲ 7 ਹੈ।

27 ਵਿੱਚ 2 ਦਾ ਸਥਾਨਕ ਮੁੱਲ 20 ਹੈ।

### ਗਤੀਵਿਧੀ

1. ਬੱਚਿਆਂ ਨੂੰ ਕੋਈ ਸੰਖਿਆ ਦੱਸ ਕੇ ਉਸ ਸੰਖਿਆ ਨੂੰ ਬਣਾਉਣ ਲਈ ਵਰਤੇ ਜਾਂਦੇ ਮਾਨ ਕਾਰਡ ਚੁੱਕਣ ਨੂੰ ਕਹੋ।
2. ਮਾਨ ਕਾਰਡਾਂ ਤੋਂ ਸੰਖਿਆ ਬਣਾਓ। ਫਿਰ ਵੱਖ-ਵੱਖ ਕਰਕੇ ਉਸ ਸੰਖਿਆ ਦੇ ਅੰਕਾਂ ਦਾ ਸਥਾਨਕ ਮੁੱਲ ਦੱਸੋ।

10 = 19
9

## ਆਓ ਕਰੀਏ



**ਸੰਖਿਆ ਨੂੰ ਇਕਾਈ, ਦਹਾਈ ਦੇ ਚਾਰਟ ਵਿੱਚ ਲਿਖੋ ਅਤੇ ਸਥਾਨਕ ਮੁੱਲ ਦੱਸੋ।**

**23**

| ਦਹਾਈ | ਇਕਾਈ |
|---|---|
| | |

→ ...........
→ ...........

**89**

| ਦਹਾਈ | ਇਕਾਈ |
|---|---|
| 8 | 9 |

→ ...........
→ ...........

**32**

| ਦਹਾਈ | ਇਕਾਈ |
|---|---|
| | |

→ ...........
→ ...........

**88**

| ਦਹਾਈ | ਇਕਾਈ |
|---|---|
| | |

→ ...........
→ ...........

**46**

| ਦਹਾਈ | ਇਕਾਈ |
|---|---|
| | |

→ ...........
→ ...........

**64**

| ਦਹਾਈ | ਇਕਾਈ |
|---|---|
| | |

→ ...........
→ ...........

**57**

| ਦਹਾਈ | ਇਕਾਈ |
|---|---|
| | |

→ ...........
→ ...........

**67**

| ਦਹਾਈ | ਇਕਾਈ |
|---|---|
| | |

→ ...........
→ ...........

## ਆਓ ਸਿੱਖੀਏ

### ਸੰਖਿਆਵਾਂ ਦੀ ਤੁਲਨਾ

ਅਧਿਆਪਕ ਆਪਣੇ ਦੋਵਾਂ ਹੱਥਾਂ ਵਿੱਚ ਵੱਖ-ਵੱਖ ਗਿਣਤੀ ਦੀਆਂ ਰਬੜਾਂ ਲੈ ਕੇ ਬੱਚਿਆਂ ਨੂੰ ਦਿਖਾਉਂਦੇ ਹੋਏ ਅੰਦਾਜ਼ਾ ਲਗਾਉਣ ਨੂੰ ਕਹਿਣਗੇ ਕਿ ਕਿਸ ਹੱਥ ਵਿੱਚ ਵੱਧ ਰਬੜਾਂ ਹਨ ਅਤੇ ਕਿਸ ਹੱਥ ਵਿੱਚ ਘੱਟ ਰਬੜਾਂ ਹਨ।




ਹੁਣ ਦੇਖਦੇ ਹਾਂ ਕਿ ਕਿਸ ਹੱਥ ਵਿੱਚ ਵੱਧ ਰਬੜਾਂ ਹਨ।




**ਅਧਿਆਪਕ ਲਈ**

ਅਧਿਆਪਕ ਵੱਖ-ਵੱਖ ਵਸਤੂਆਂ ਨਾਲ ਅਤੇ ਵੱਖ-ਵੱਖ ਗਿਣਤੀ ਨਾਲ ਉਪਰੋਕਤ ਗਤੀਵਿਧੀ ਕਰਵਾਉਣਗੇ। ਅਧਿਆਪਕ ਬਲੈਕ ਬੋਰਡ 'ਤੇ ਸੰਖਿਆਵਾਂ ਲਿਖਕੇ ਵੱਧ-ਘੱਟ ਸੰਖਿਆ ਬਾਰੇ ਦੱਸਣਗੇ।

## ਸੰਖਿਆਵਾਂ ਦੀ ਤੁਲਨਾ



ਬੱਚਿਓ! ਆਓ ਅਸੀਂ ਅੱਜ ਮਗਰਮੱਛ ਦੀ ਗੱਲ ਕਰੀਏ।

ਪਾਣੀ ਕੋਲ ਰਹਿੰਦਾ ਹਾਂ,
ਵੱਧ ਮੱਛੀਆਂ ਖਾਂਦਾ ਹਾਂ।
ਮੱਛੀਆਂ ਵੱਲ ਨਜ਼ਰ ਦੌੜਾਓ ,
ਮੇਰੇ ਲਈ ਵੱਧ ਮੱਛੀਆਂ ਲਿਆਓ।









ਇਹ ਹੈ ਮਗਰਮੱਛ।
ਇਸਨੂੰ ਬਹੁਤ ਭੁੱਖ ਲੱਗੀ ਹੈ।
ਇਸ ਲਈ, ਇਸਨੇ ਵੱਡਾ ਮੂੰਹ ਖੋਲਿਆ ਹੈ।

ਇਹ ਹਮੇਸ਼ਾ ਆਪਣੀ ਭੁੱਖ ਮਿਟਾਉਣ ਲਈ ਵੱਧ ਵਸਤੂਆਂ ਖਾਂਦਾ ਹੈ।

ਦੇਖੋ,
ਮਗਰਮੱਛ 7 ਮੱਛੀਆਂ ਵੱਲ ਜਾ ਰਿਹਾ ਹੈ।
7 ਮੱਛੀਆਂ, 3 ਮੱਛੀਆਂ ਤੋਂ ਵੱਧ ਹਨ।

3 ਮੱਛੀਆ, 7 ਮੱਛੀਆਂ ਤੋਂ ਘੱਟ ਹਨ।

ਮਗਰਮੱਛ ਦੇ ਖੁੱਲ੍ਹੇ ਮੂੰਹ ਵੱਲ ਦੇਖੋ। ਹੁਣ ਅਸੀਂ ਇਸ ਦੀ ਵਰਤੋਂ ਕਰਨੀ ਹੈ।



ਕਿਉਂਕਿ ਮਗਰਮੱਛ 7 ਮੱਛੀਆਂ ਵੱਲ ਜਾ ਰਿਹਾ ਹੈ।

ਅਸੀਂ ਲਿਖਾਂਗੇ $7 > 3$, ਅਸੀਂ ਪੜ੍ਹਾਂਗੇ 7, 3 ਤੋਂ ਵੱਡਾ ਹੈ।

ਮਗਰਮੱਛ 3 ਮੱਛੀਆਂ ਤੋਂ ਦੂਰ ਜਾ ਰਿਹਾ ਹੈ

ਅਸੀਂ ਲਿਖਾਂਗੇ $3 < 7$; ਅਸੀਂ ਪੜ੍ਹਾਂਗੇ 3, 7 ਤੋਂ ਛੋਟਾ ਹੈ।

## ਸੰਖਿਆਵਾਂ ਦੀ ਤੁਲਨਾ ਦੇ ਨਿਯਮ

ਹੁਣ ਅਸੀਂ 2 ਅੰਕੀ ਸੰਖਿਆਵਾਂ ਦੀ ਤੁਲਨਾ ਕਰਾਂਗੇ।




$7 < 27$

ਅਸੀਂ ਇਸ ਨੂੰ ਪੜ੍ਹਾਂਗੇ 7, 27 ਤੋਂ ਛੋਟੀ ਸੰਖਿਆ ਹੈ।

1. ਵੱਧ ਅੰਕਾਂ ਵਾਲੀ ਸੰਖਿਆ ਹਮੇਸ਼ਾ ਘੱਟ ਅੰਕਾਂ ਵਾਲੀ ਸੰਖਿਆ ਤੋਂ ਵੱਡੀ ਹੁੰਦੀ ਹੈ।

2. ਜੇਕਰ ਸੰਖਿਆਵਾਂ ਦੇ ਅੰਕ ਬਰਾਬਰ ਹੋਣ ਤਾਂ ਦਹਾਈ ਦੇ ਅੰਕਾਂ ਦੀ ਤੁਲਨਾ ਕਰੋ।

$27 < 37$

3. ਜੇਕਰ ਸੰਖਿਆਵਾਂ ਦੇ ਅੰਕ ਬਰਾਬਰ ਹਨ ਅਤੇ ਉਸ ਸੰਖਿਆ ਦੀ ਦਹਾਈ ਦੇ ਅੰਕ ਵੀ ਬਰਾਬਰ ਹਨ ਤਾਂ ਇਕਾਈ ਦੇ ਅੰਕਾਂ ਦੀ ਤੁਲਨਾ ਕਰੋ।

$22 < 27$

4. ਜੇਕਰ ਦੋਵਾਂ ਸੰਖਿਆਵਾਂ ਦੇ ਇਕਾਈ-ਦਹਾਈ ਦੇ ਅੰਕ ਇੱਕੋ ਜਿਹੇ ਹਨ ਤਾਂ ਸੰਖਿਆਵਾਂ ਬਰਾਬਰ ਹੁੰਦੀਆਂ ਹਨ।

$22 = 22$




1. $9 < 11$

2. 19 → ਦਹਾਈ ਦਾ ਅੰਕ = 1     29 → ਦਹਾਈ ਦਾ ਅੰਕ = 2

$1 < 2$

ਇਸ ਲਈ $19 < 29$

3. 37 → ਦਹਾਈ ਦਾ ਅੰਕ = 3, ਇਕਾਈ ਦਾ ਅੰਕ = 7     32 → ਦਹਾਈ ਦਾ ਅੰਕ = 3, ਇਕਾਈ ਦਾ ਅੰਕ = 2

$3 = 3$

$7 > 2$

ਇਸ ਲਈ $37 > 32$

4. 58 → ਦਹਾਈ ਦਾ ਅੰਕ = 5, ਇਕਾਈ ਦਾ ਅੰਕ = 8     58 → ਦਹਾਈ ਦਾ ਅੰਕ = 5, ਇਕਾਈ ਦਾ ਅੰਕ = 8

$5 = 5$

$8 = 8$

$58 = 58$

ਜਿਸਦੇ ਅੰਕ ਜ਼ਿਆਦਾ,
ਸੰਖਿਆ ਵੱਡੀ ਉਹਨੂੰ ਬੁਲਾਓ।
ਅੰਕ ਜੇ ਹੋਣ ਬਰਾਬਰ,
ਵੱਡਾ ਸਥਾਨਕ ਮੁੱਲ ਮਿਲਾਓ।



## ਆਓ ਕਰੀਏ



1. ਖਾਲੀ ਥਾਵਾਂ ਵਿੱਚ >, < ਜਾਂ = ਦਾ ਚਿੰਨ੍ਹ ਭਰੋ

| | | | | | |
|---|---|---|---|---|---|
| 27 | < | 37 | 70 | | 70 |
| 42 | | 46 | 54 | | 58 |
| 65 | | 70 | 72 | | 62 |
| 68 | | 88 | 89 | | 79 |
| 59 | | 49 | 34 | | 44 |
| 77 | | 26 | 45 | | 33 |

2. ਸਭ ਤੋਂ ਛੋਟੀ ਸੰਖਿਆ ਫੁੱਲ ਦੇ ਵਿਚਕਾਰ ਲਿਖੋ



3. ਸਭ ਤੋਂ ਵੱਡੀ ਸੰਖਿਆ ਫੁੱਲ ਦੇ ਵਿਚਕਾਰ ਲਿਖੋ



## ਆਓ ਸਿੱਖੀਏ

### ਵੱਧਦਾ ਕ੍ਰਮ, ਘੱਟਦਾ ਕ੍ਰਮ



# ਆਓ ਖੇਡੀਏ

## ਵੱਧਦਾ ਕ੍ਰਮ, ਘੱਟਦਾ ਕ੍ਰਮ




ਹਰਜੋਤ ਅਤੇ ਤਨੀਸ਼ਾ ਕ੍ਰਿਕੇਟ ਖੇਡ ਰਹੇ ਹਨ। ਦੇਖੀਏ ਕੌਣ ਜਿੱਤਿਆ?
ਹਰਜੋਤ ਨੇ 27 ਅਤੇ ਤਨੀਸ਼ਾ ਨੇ 9 ਦੌੜਾਂ ਬਣਾਈਆਂ ਹਨ।



| ਦਹਾਈ | ਇਕਾਈ |
|---|---|
| 2 | 7 |

| ਇਕਾਈ |
|---|
| 9 |



2 ਅੰਕ > 1 ਅੰਕ

27 > 9

ਕਿਉਂਕਿ 27, 9 ਤੋਂ ਵੱਡਾ ਹੈ। ਇਸ ਲਈ, ਹਰਜੋਤ ਜਿੱਤਿਆ ਹੈ।




ਅਸਲਮ ਅਤੇ ਸ਼੍ਰਿਸ਼ਟੀ ਵੀ ਕ੍ਰਿਕੇਟ ਖੇਡ ਰਹੇ ਹਨ। ਅਸਲਮ ਨੇ 23 ਅਤੇ ਸ਼੍ਰਿਸ਼ਟੀ ਨੇ 34 ਦੌੜਾਂ ਬਣਾਈਆਂ ਹਨ।

ਦੋਵਾਂ ਵੱਲੋਂ ਬਣਾਈਆਂ ਗਈਆਂ ਦੌੜਾਂ ਦੀ ਸੰਖਿਆ ਵਿੱਚ ਅੰਕਾਂ ਦੀ ਗਿਣਤੀ ਬਰਾਬਰ ਹੈ।
ਹੁਣ ਦੋਵਾਂ ਦੇ ਦਹਾਈ ਦੇ ਅੰਕ ਦੇਖੋ।

| ਦਹਾਈ | ਇਕਾਈ |
|---|---|
| 2 | 3 |

| ਦਹਾਈ | ਇਕਾਈ |
|---|---|
| 3 | 4 |

$2 < 3$

2, 3 ਤੋਂ ਛੋਟਾ ਹੈ ਭਾਵ ਕਿ 3, 2 ਤੋਂ ਵੱਡਾ ਹੈ।

ਇਸ ਲਈ $34 > 23$ ਜਾਂ $23 < 34$

ਆਓ ਹੁਣ ਹਰਜੋਤ, ਤਨੀਸ਼ਾ, ਅਸਲਮ ਅਤੇ ਸ੍ਰਿਸ਼ਟੀ ਦੀਆਂ ਦੌੜਾਂ ਦੀ ਤੁਲਨਾ ਕਰੀਏ।

27, 9, 23, 34

ਸਭ ਤੋਂ ਵੱਧ ਦੌੜਾਂ ਦੇਖਣ ਲਈ, ਅਸੀਂ ਇਹਨਾਂ ਨੂੰ ਛੋਟੀ ਸੰਖਿਆ ਤੋਂ ਵੱਡੀ ਸੰਖਿਆ ਵੱਲ ਰੱਖਦੇ ਹਾਂ।

9 23 27 34

ਜਦੋਂ ਸੰਖਿਆਵਾਂ ਨੂੰ ਛੋਟੀ ਸੰਖਿਆ ਤੋਂ ਵੱਡੀ ਸੰਖਿਆ ਵੱਲ ਰੱਖਿਆ ਜਾਂਦਾ ਹੈ, ਤਾਂ ਉਸਨੂੰ ਸੰਖਿਆਵਾਂ ਦਾ ਵੱਧਦਾ ਕ੍ਰਮ ਕਹਿੰਦੇ ਹਨ।

ਹੁਣ ਇਹਨਾਂ ਸੰਖਿਆਵਾਂ ਵੱਲ ਦੇਖੋ।

34 27 23 9

ਜਦੋਂ ਸੰਖਿਆਵਾਂ ਨੂੰ ਵੱਡੀ ਤੋਂ ਛੋਟੀ ਸੰਖਿਆ ਵੱਲ ਰੱਖਿਆ ਜਾਂਦਾ ਹੈ, ਤਾਂ ਉਸਨੂੰ ਸੰਖਿਆਵਾਂ ਦਾ ਘੱਟਦਾ ਕ੍ਰਮ ਕਹਿੰਦੇ ਹਨ।

**ਆਓ ਕਰੀਏ** 

## 1. ਵੱਧਦੇ ਕ੍ਰਮ ਵਿੱਚ ਲਿਖੋ

| | | | | |
|---|---|---|---|---|
| 14, 24, 32, 12 | 12 | 14 | 24 | 32 |
| 5, 96, 19, 89 | ____ | ____ | ____ | ____ |
| 28, 15, 89, 90 | ____ | ____ | ____ | ____ |
| 83, 27, 15, 33 | ____ | ____ | ____ | ____ |
| 47, 49, 42, 40 | ____ | ____ | ____ | ____ |
| 39, 59, 89, 69 | ____ | ____ | ____ | ____ |

## 2. ਘੱਟਦੇ ਕ੍ਰਮ ਵਿੱਚ ਲਿਖੋ

| | | | | |
|---|---|---|---|---|
| 10, 73, 98, 27 | 98 | 73 | 27 | 10 |
| 58, 43, 27, 10 | ____ | ____ | ____ | ____ |
| 95, 34, 81, 23 | ____ | ____ | ____ | ____ |
| 16, 79, 24, 75 | ____ | ____ | ____ | ____ |
| 52, 59, 56, 50 | ____ | ____ | ____ | ____ |
| 99, 79, 89, 29 | ____ | ____ | ____ | ____ |

## ਵੱਧਦਾ-ਘੱਟਦਾ ਕ੍ਰਮ ਲਿਖੋ












## ਵੱਖ-ਵੱਖ ਤਰੀਕਿਆਂ ਨਾਲ ਗਿਣਤੀ

### 10-10 ਦੀ ਛਲਾਂਗ ਨਾਲ ਗਿਣਤੀ

| | | | | | | | |
|---|---|---|---|---|---|---|---|
| 2 | 12 | 22 | 32 | | | | |
| 3 | 13 | 23 | 33 | | | | |
| 5 | 15 | 25 | | | | | |
| 7 | 17 | 27 | | | | | |
| 8 | 18 | | | | | | |
| 10 | 20 | | | | | | |

### 5-5 ਦੀ ਛਲਾਂਗ ਨਾਲ ਗਿਣਤੀ

| | | | | | | | |
|---|---|---|---|---|---|---|---|
| 2 | 7 | 12 | 17 | | | | |
| 3 | 8 | 13 | 18 | | | | |
| 4 | 9 | 14 | | | | | |
| 6 | 11 | 16 | | | | | |
| 5 | 10 | | | | | | |

## ਆਓ ਸਿੱਖੀਏ

# ਸੰਖਿਆ ਕ੍ਰਮ




## ਆਓ ਕਰੀਏ




ਫੁੱਟਬਾਲ ਦਾ ਸਥਾਨ ਦੱਸੋ ☐ ਬੱਲੇ ਦਾ ਸਥਾਨ ਦੱਸੋ ☐

ਹਾਕੀ ਦਾ ਸਥਾਨ ਦੱਸੋ ☐ ਸੀਟੀ ਦਾ ਸਥਾਨ ਦੱਸੋ ☐

ਗੇਂਦ ਦਾ ਸਥਾਨ ਦੱਸੋ ☐ ਰੈਕਟ ਦਾ ਸਥਾਨ ਦੱਸੋ ☐

### ਅਧਿਆਪਕ ਸੰਕੇਤ

ਅਧਿਆਪਕ ਬੱਚਿਆਂ ਨੂੰ ਲਾਈਨ ਵਿੱਚ ਖੜ੍ਹਾ ਕਰਕੇ ਉਹਨਾਂ ਬੱਚਿਆਂ ਤੋਂ ਉਹਨਾਂ ਦਾ ਸਥਾਨ ਪੁੱਛਦੇ ਹੋਏ ਸੰਖਿਆਵਾਂ ਦੇ ਕ੍ਰਮ ਦੇ ਸੰਕਲਪ ਨੂੰ ਸਮਝਾਵੇਗਾ।

# ਗਤੀਵਿਧੀ

**ਬੱਚਿਆਂ ਨੂੰ ਲਾਈਨ ਵਿੱਚ ਖੜ੍ਹਾ ਕੇ ਵਾਰੀ-ਵਾਰੀ ਉਨ੍ਹਾਂ ਦਾ ਸਥਾਨ ਪੁੱਛੋ:**



## ਪ੍ਰਯੋਗੀ ਕਿਰਿਆ



**ਦਿੱਤੇ ਦੋ ਅੰਕਾਂ ਨਾਲ ਦੋ ਅੰਕੀ ਸੰਖਿਆਵਾਂ ਬਣਾਉਣਾ।**

**ਉਦੇਸ਼ —** ਦੋ ਅੰਕਾਂ ਦੇ ਫਲੈਸ਼ ਕਾਰਡ ਨਾਲ ਛੋਟੀ ਅਤੇ ਵੱਡੀ ਸੰਖਿਆ ਬਣਾਉਣੀ।

**ਸਮੱਗਰੀ —** 0 ਤੋਂ 9 ਤੱਕ ਦੇ ਦੋ ਫਲੈਸ਼ ਕਾਰਡ ਦੇ ਸੈੱਟ।

| | | | | | | | | | |
|---|---|---|---|---|---|---|---|---|---|
| 0 | 1 | 2 | 3 | 4 | 5 | 6 | 7 | 8 | 9 |
| 0 | 1 | 2 | 3 | 4 | 5 | 6 | 7 | 8 | 9 |

**ਵਿਧੀ-1.** ਇੱਕ ਬੱਚੇ ਨੂੰ ਬੁਲਾ ਕੇ ਦੋ ਕਾਰਡ ਚੁੱਕਣ ਨੂੰ ਕਹਿਣਾ।

ਜਿਵੇਂ ਕਿ – 4 6

2. ਬੱਚੇ ਨੂੰ ਉਹਨਾਂ ਕਾਰਡਾਂ ਦੀ ਵਰਤੋਂ ਨਾਲ ਛੋਟੀ ਸੰਖਿਆ ਬਣਾਉਣ ਨੂੰ ਕਹਿਣਾ।

ਜਿਵੇਂ ਕਿ | 4 | 6 |

3. ਉਹਨਾਂ ਕਾਰਡਾਂ ਦੀ ਵਰਤੋਂ ਨਾਲ ਵੱਡੀ ਸੰਖਿਆ ਬਣਾਉਣ ਨੂੰ ਕਹਿਣਾ।

| 6 | 4 |

4. ਦੋਵੇਂ ਸੰਖਿਆਵਾਂ ਨੂੰ ਬਲੈਕ ਬੋਰਡ 'ਤੇ ਲਿਖਣਾ। ਛੋਟੀ, ਵੱਡੀ ਸੰਖਿਆ ਬਾਰੇ ਗੱਲਬਾਤ ਕਰਨਾ।

5. ਤਿੰਨ ਬੱਚਿਆਂ ਨੂੰ ਬੁਲਾ ਕੇ 2-2 ਫਲੈਸ਼ ਕਾਰਡ ਚੁੱਕਣ ਲਈ ਕਹਿਣਾ।

| 2 | 2 |    | 4 | 6 |    | 5 | 7 |

6. ਫਲੈਸ਼ ਕਾਰਡ ਨਾਲ ਵੱਖ-ਵੱਖ ਸੰਖਿਆ ਬਣਵਾਉਣਾ।

7. ਉਹਨਾਂ ਸੰਖਿਆਵਾਂ ਵਿੱਚੋਂ ਸਭ ਤੋਂ ਛੋਟੀ ਅਤੇ ਸਭ ਤੋਂ ਵੱਡੀ ਸੰਖਿਆ ਪੁੱਛਣਾ।

## ਆਓ ਕਰੀਏ



**1. ਦਿੱਤੇ ਅੰਕਾਂ ਨਾਲ ਦੋ ਅੰਕੀ ਸੰਖਿਆਵਾਂ ਬਣਾਓ :**

| | | |
|---|---|---|
| 3, 4<br>☐ ☐ | 2, 7<br>☐ ☐ | 5, 3<br>☐ ☐ |
| 1, 5<br>☐ ☐ | 7, 9<br>☐ ☐ | 6, 9<br>☐ ☐ |
| 7, 8<br>☐ ☐ | 6, 9<br>☐ ☐ | 2, 7<br>☐ ☐ |

# ਵਰਕਸ਼ੀਟ

1. **ਖਾਲੀ ਥਾਵਾਂ ਭਰੋ**










2. **ਬਿਲਕੁੱਲ ਪਹਿਲਾਂ ਕੀ ਆਵੇਗਾ?** | **ਵਿਚਕਾਰ ਕੀ ਆਵੇਗਾ?** | **ਬਿਲਕੁੱਲ ਬਾਅਦ ਵਿੱਚ ਕੀ ਆਵੇਗਾ?**

| | | | | | |
|---|---|---|---|---|---|
| ☐ 79 | ☐ 90 | 79 ☐ 81 | 83 ☐ 85 | 99 ☐ | 79 ☐ |
| ☐ 86 | ☐ 100 | 98 ☐ 100 | 70 ☐ 72 | 68 ☐ | 82 ☐ |
| ☐ 73 | ☐ 80 | 85 ☐ 87 | 93 ☐ 95 | 85 ☐ | 88 ☐ |

3. **ਖਾਲੀ ਥਾਵਾਂ ਵਿੱਚ >, < ਜਾਂ = ਦਾ ਚਿੰਨ੍ਹ ਭਰੋ**

| | | | |
|---|---|---|---|
| 84 ☐ 48 | 90 ☐ 89 | 88 ☐ 91 | 75 ☐ 30 |
| 97 ☐ 97 | 83 ☐ 98 | 69 ☐ 96 | 74 ☐ 74 |
| 75 ☐ 80 | 67 ☐ 79 | 73 ☐ 63 | 80 ☐ 69 |

4. **ਮਿਲਾਨ ਕਰੋ**



5. **ਸਿੱਧੀ ਗਿਣਤੀ ਲਿਖੋ**




6. **ਉਲਟੀ (ਪੁੱਠੀ) ਗਿਣਤੀ ਲਿਖੋ**




7. **ਸੰਖਿਆ ਨੂੰ ਵਿਸਤ੍ਰਿਤ ਰੂਪ ਵਿੱਚ ਲਿਖੋ**

93 =____+____ 85 =____+____ 73 =____+____

89 =____+____ 99 =____+____ 96 =____+____

76 =____+____ 82 =____+____ 78 =____+____

8. **ਸੰਖਿਆ ਬਣਾਓ**

90 + 4 = 70 + 9 = 80 + 7 =

80 + 8 = 90 + 7 = 70 + 5 =

9. **ਵੱਧਦੇ ਕ੍ਰਮ ਵਿੱਚ ਲਿਖੋ**




___, ___, ___, ___, ___




___, ___, ___, ___, ___

10. ਸ਼ਬਦਾਂ ਨੂੰ ਅੰਕਾਂ ਵਿੱਚ ਲਿਖੋ




11. ਸਭ ਤੋਂ ਛੋਟੀ ਸੰਖਿਆ 'ਤੇ ਚੱਕਰ ਲਗਾਓ

| | | | | | | | | |
|---|---|---|---|---|---|---|---|---|
| 89 | 98 | 79 | 96 | 78 | 69 | 77 | 83 | 68 |
| 90 | 97 | 63 | 88 | 89 | 71 | 93 | 47 | 69 |
| 100 | 82 | 74 | 75 | 94 | 83 | 58 | 66 | 98 |

12. ਸਭ ਤੋਂ ਵੱਡੀ ਸੰਖਿਆ ਨੂੰ ਫੁੱਲ ਦੇ ਵਿਚਕਾਰ ਲਿਖੋ




13. ਸੰਖਿਆਵਾਂ ਨੂੰ ਘੱਟਦੇ ਕ੍ਰਮ ਵਿੱਚ ਲਿਖੋ




14. ਸੰਖਿਆਵਾਂ ਨੂੰ ਸ਼ਬਦਾਂ ਵਿੱਚ ਲਿਖੋ



15. **ਚੱਕਰ ਵਾਲੇ ਅੰਕ ਦਾ ਸਥਾਨਕ ਮੁੱਲ ਦੱਸੋ।**

1(8) = 8 ਦਾ ਸਥਾਨਕ ਮੁੱਲ ......... ਹੈ।

(5)4 = 5 ਦਾ ਸਥਾਨਕ ਮੁੱਲ ......... ਹੈ।

(6)2 = 6 ਦਾ ਸਥਾਨਕ ਮੁੱਲ ......... ਹੈ।

7(7) = 7 ਦਾ ਸਥਾਨਕ ਮੁੱਲ ......... ਹੈ।

16. **10-10 ਦੀ ਛਾਲ ਮਾਰਦੇ ਹੋਏ ਗਿਣਤੀ ਪੂਰੀ ਕਰੋ**

4 → 14 → 24 → ( ) → ( ) → ( ) → ( ) → ( )

7 → 17 → ( ) → ( ) → ( ) → ( ) → ( ) → ( )

17. **5-5 ਦੀ ਛਾਲ ਮਾਰਦੇ ਹੋਏ ਗਿਣਤੀ ਪੂਰੀ ਕਰੋ**

3 → 8 → 13 → ( ) → ( ) → ( ) → ( ) → ( )

6 → 11 → ( ) → ( ) → ( ) → ( ) → ( ) → ( )

18. **ਦਿੱਤੇ ਹੋਏ ਦੋ ਅੰਕਾਂ ਨਾਲ 2 ਅੰਕੀ ਸੰਖਿਆਵਾਂ ਬਣਾਓ**

| | | | | | |
|---|---|---|---|---|---|
| (i) 2, 5 | | | (ii) 3, 4 | | |
| (iii) 7, 8 | | | (iv) 1, 6 | | |
| (v) 5, 7 | | | (vi) 2, 8 | | |

19. **(i) ਸੰਖਿਆ 54, 10-10 ਦੇ ਅਤੇ 1-1 ਦੇ ਕਿੰਨੇ ਨੋਟਾਂ ਨਾਲ ਬਣਦੀ ਹੈ?**

**(ii) ਸੰਖਿਆ 72, 10-10 ਦੇ ਅਤੇ 1-1 ਦੇ ਕਿੰਨੇ ਨੋਟਾਂ ਨਾਲ ਬਣਦੀ ਹੈ?**



## ਯਾਦ ਰੱਖਣ ਯੋਗ

* ਇੱਕ ਅੰਕ ਦੀ ਛੋਟੀ ਤੋਂ ਛੋਟੀ ਸੰਖਿਆ = 1
* ਇੱਕ ਅੰਕ ਦੀ ਵੱਡੀ ਤੋਂ ਵੱਡੀ ਸੰਖਿਆ = 9
* ਦੋ ਅੰਕਾਂ ਦੀ ਛੋਟੀ ਤੋਂ ਛੋਟੀ ਸੰਖਿਆ = 10
* ਦੋ ਅੰਕਾਂ ਦੀ ਵੱਡੀ ਤੋਂ ਵੱਡੀ ਸੰਖਿਆ = 99

## ਅਸੀਂ ਜੋ ਸਿੱਖਿਆ

100 ਤੱਕ ਗਿਣਤੀ

- ਲਿਖਣਾ, ਪਹਿਚਾਣ, ਸਿੱਧੀ ਅਤੇ ਪੁੱਠੀ ਗਿਣਤੀ, ਅੰਕਾਂ ਅਤੇ ਸ਼ਬਦਾਂ ਵਿੱਚ ਲਿਖਣਾ ਵਿਚਕਾਰ, ਬਿਲਕੁਲ ਪਹਿਲਾਂ, ਬਿਲਕੁਲ ਬਾਅਦ
- ਇਕਾਈ, ਦਹਾਈ ਦਾ ਗਿਆਨ
  - ਤੁਲਨਾ, ਸਭ ਤੋਂ ਵੱਡਾ, ਸਭ ਤੋਂ ਛੋਟਾ
    - ਵੱਧਦਾ ਕ੍ਰਮ, ਘੱਟਦਾ ਕ੍ਰਮ
- ਸਥਾਨਕ ਮੁੱਲ
  - ਵਿਸਤ੍ਰਿਤ ਰੂਪ

# 2 ਜੋੜ-ਘਟਾਓ

## ਉਦੇਸ਼

* ਚਿੱਤਰਾਂ ਅਤੇ ਜ਼ੁਬਾਨੀ ਵਿਆਖਿਆ ਦੁਆਰਾ ਜੋੜ ਅਤੇ ਘਟਾਓ ਦੀਆਂ ਸਮੱਸਿਆਵਾਂ ਹੱਲ ਕਰਨੀਆਂ।
* ਜੋੜ ਅਤੇ ਘਟਾਓ ਦੇ ਨਤੀਜੇ ਦਾ ਅੰਦਾਜ਼ਾ ਲਗਾਉਣਾ ਅਤੇ ਹੋਰ ਦਿੱਤੀਆਂ ਸੰਖਿਆਵਾਂ ਦੇ ਨਤੀਜੇ ਨਾਲ ਤੁਲਨਾ ਕਰਨਾ।
* ਉਹਨਾਂ ਹਾਲਤਾਂ ਦੀ ਜ਼ੁਬਾਨੀ ਵਿਆਖਿਆ ਕਰਨੀ, ਜਿਹੜੀ ਦਿੱਤੇ ਜੋੜ ਅਤੇ ਘਟਾਓ ਦੇ ਤੱਥ ਸੰਗਤ ਹੋਵੇ।
* ਸੰਖਿਆ ਵਿੱਚ ਸਿਫ਼ਰ ਦਾ ਜੋੜ ਅਤੇ ਕਿਸੇ ਸੰਖਿਆ ਵਿੱਚ ਸਿਫ਼ਰ ਦੀ ਘਟਾਓ।
* ਦੋ ਅੰਕਾਂ ਵਾਲੀਆਂ ਸੰਖਿਆਵਾਂ ਨੂੰ ਦਹਾਈਆਂ ਅਤੇ ਇਕਾਈਆਂ ਵਿੱਚ ਦਰਸਾ ਕੇ, ਮੁੜ ਸਮੂਹ ਬਣਾਕੇ ਜੋੜ-ਘਟਾਓ ਅਤੇ ਬਿਨ੍ਹਾਂ ਸਮੂਹ ਬਣਾਏ ਜੋੜ-ਘਟਾਓ।

## ਕੀ ਤੁਹਾਨੂੰ ਯਾਦ ਹੈ ?




ਸੱਪ ਉੱਤੇ ਦਿੱਤੀ ਗਿਣਤੀ ਦੀ ਮਦਦ ਨਾਲ ਜੋੜ ਜਾਂ ਘਟਾਓ ਕਰੋ ਅਤੇ ਜਵਾਬ ਨੂੰ ਡੱਬੇ ਵਿੱਚ ਲਿਖੋ।

| | | | |
|---|---|---|---|
| 4 + 3 = | 5 + 4 = | 9 − 5 = | 9 − 3 = |
| 7 + 6 = | 3 + 6 = | 7 − 4 = | 8 − 4 = |
| 8 + 4 = | 7 + 9 = | 8 − 6 = | 7 − 6 = |
| 9 + 6 = | 6 + 6 = | 6 − 3 = | 5 − 3 = |

ਅਮ੍ਰਿਤ ਕੋਲ 5 ਟਾਫ਼ੀਆਂ ਹਨ। ਉਸਨੂੰ ਅਧਿਆਪਕ ਨੇ 4 ਟਾਫ਼ੀਆਂ ਹੋਰ ਦਿੱਤੀਆਂ ਤਾਂ ਉਸ ਕੋਲ ਕਿੰਨੀਆਂ ਟਾਫ਼ੀਆਂ ਹੋ ਗਈਆਂ?



5

\+ 4

ਇੱਕ ਦਰੱਖਤ ’ਤੇ 8 ਪੰਛੀ ਬੈਠੇ ਸਨ। 2 ਪੰਛੀ ਉੱਡ ਗਏ। ਹੁਣ ਦਰੱਖਤ ’ਤੇ ਕਿੰਨੇ ਪੰਛੀ ਰਹਿ ਗਏ?



8

− 2

ਅਮ੍ਰਿਤ ਕੋਲ 6 ਮੋਤੀ ਹਨ। ਉਸਨੂੰ ਹੋਰ ਕਿੰਨੇ ਮੋਤੀ ਚਾਹੀਦੇ ਹਨ ਕਿ 10 ਮੋਤੀ ਹੋ ਜਾਣ? (ਜ਼ੁਬਾਨੀ ਰੂਪ ਵਿੱਚ ਪੁੱਛਣਾ)

ਰਫ਼ੀਕ ਕੋਲ 10 ਮੋਤੀ ਹਨ ਤਾਂ ਉਹ ਕਿੰਨੇ ਮੋਤੀ ਸਿਮੀ ਨੂੰ ਦੇਵੇ ਕਿ ਉਸ ਕੋਲ 4 ਮੋਤੀ ਰਹਿ ਜਾਣ? (ਜ਼ੁਬਾਨੀ ਰੂਪ ਵਿੱਚ ਪੁੱਛਣਾ)

**ਆਓ ਸਿੱਖੀਏ**

## ਜੋੜ ਦੇ ਗੁਣ







$5 + 6 = 11$

$6 + 5 = 11$

$5 + 6 = 6 + 5$

**ਅਧਿਆਪਕ ਸੰਕੇਤ**

ਅਧਿਆਪਕ ਵਿਦਿਆਰਥੀਆਂ ਨੂੰ ਭਿੰਨ-ਭਿੰਨ ਉਦਾਹਰਨਾਂ ਲੈ ਕੇ ਦੱਸੇਗਾ ਕਿ ਜੋੜ ਵਿੱਚ ਸੰਖਿਆਵਾਂ ਦੀ ਤਰਤੀਬ ਬਦਲਣ ਨਾਲ ਜੋੜਫਲ ਓਹੀ ਰਹਿੰਦਾ ਹੈ।



ਕਿਸੇ ਸੰਖਿਆ ਵਿੱਚ 1 ਜੋੜਨ ਨਾਲ ਅਗਲੀ ਸੰਖਿਆ ਪ੍ਰਾਪਤ ਹੁੰਦੀ ਹੈ।



ਬਲੈਕ-ਬੋਰਡ 'ਤੇ ਦੇਖੋ

ਠੀਕ ! ਹੁਣ ਜ਼ੁਬਾਨੀ ਦੱਸੋ।







| | | | | |
|---|---|---|---|---|
| 7 | + | 1 | = | |
| 8 | + | 1 | = | |
| 4 | + | 1 | = | |

ਕਿਸੇ ਸੰਖਿਆ ਵਿੱਚ 0 ਜੋੜਨ ਨਾਲ ਜੋੜਫਲ ਓਹੀ ਰਹਿੰਦਾ ਹੈ।









ਬਲੈਕ-ਬੋਰਡ 'ਤੇ ਦੇਖੋ

ਠੀਕ ! ਹੁਣ ਜ਼ੁਬਾਨੀ ਦੱਸੋ।

| | | | | |
|---|---|---|---|---|
| 4 | + | 0 | = | |
| 7 | + | 0 | = | |
| 8 | + | 0 | = | |

## ਆਓ ਕਰੀਏ



| | | |
|---|---|---|
| 4 + 3 = ☐ = 3 + 4 | 3 + 1 = ☐ | 4 + 0 = ☐ |
| 1 + 2 = ☐ = 2 + 1 | 5 + 1 = ☐ | 2 + 0 = ☐ |
| 2 + 4 = ☐ = 4 + 2 | 6 + 1 = ☐ | 1 + 0 = ☐ |
| 5 + 3 = ☐ = 3 + 5 | 2 + 1 = ☐ | 3 + 0 = ☐ |

## ਘਟਾਓ ਦੇ ਗੁਣ



ਬੱਚਿਓ! ਛੋਟੀ ਸੰਖਿਆ ਨੂੰ ਵੱਡੀ ਸੰਖਿਆ ਵਿਚੋਂ ਘਟਾਉਣ ਲਈ ਚਿੰਨ੍ਹ '–' ਦੀ ਵਰਤੋਂ ਕੀਤੀ ਜਾਂਦੀ ਹੈ। ਚਿੰਨ੍ਹ '–' ਘਟਾਓ ਨੂੰ ਦਰਸਾਉਂਦਾ ਹੈ। ਆਓ, ਹੁਣ ਘਟਾਓ ਦੇ ਗੁਣਾਂ ਬਾਰੇ ਪੜ੍ਹੀਏ:



ਕਿਸੇ ਸੰਖਿਆ ਵਿੱਚੋਂ 1 ਘਟਾਉਣ 'ਤੇ ਪਿਛਲੀ ਸੰਖਿਆ ਪ੍ਰਾਪਤ ਹੁੰਦੀ ਹੈ।

| | | | | |
|---|---|---|---|---|
| 3 | – | 1 | = | 2 |
| 6 | – | 1 | = | 5 |
| 4 | – | 1 | = | 3 |



ਕਿਸੇ ਸੰਖਿਆ ਵਿਚੋਂ 0 ਘਟਾਉਣ 'ਤੇ ਕੋਈ ਫ਼ਰਕ ਨਹੀਂ ਪੈਂਦਾ।

| | | | | |
|---|---|---|---|---|
| 3 | – | 0 | = | 3 |
| 7 | – | 0 | = | 7 |
| 9 | – | 0 | = | 9 |



ਸੰਖਿਆ ਵਿੱਚੋਂ ਓਹੀ ਸੰਖਿਆ ਘਟਾਉਣ 'ਤੇ 0 ਪ੍ਰਾਪਤ ਹੁੰਦੀ ਹੈ।

| | | | | |
|---|---|---|---|---|
| 7 | – | 7 | = | 0 |
| 5 | – | 5 | = | 0 |

### ਆਓ ਕਰੀਏ



| | | | | |
|---|---|---|---|---|
| 4 | – | 1 | = | |
| 7 | – | 1 | = | |
| 5 | – | 1 | = | |

| | | | | |
|---|---|---|---|---|
| 8 | – | 0 | = | |
| 3 | – | 0 | = | |
| 6 | – | 0 | = | |

| | | | | |
|---|---|---|---|---|
| 9 | – | 9 | = | |
| 2 | – | 2 | = | |
| 4 | – | 4 | = | |



ਸਿਫ਼ਰ ਜੋੜੀਏ, ਸਿਫ਼ਰ ਘਟਾਈਏ,
ਫ਼ਰਕ ਨਾ ਕੁੱਝ ਵੀ ਪੈਂਦਾ।
ਜੋ ਕੁਝ ਤੁਹਾਡੇ ਕੋਲ ਹੈ, ਬੱਚਿਓ
ਓਹੀ ਕੁੱਝ ਹੈ ਰਹਿੰਦਾ।

## ਜੋੜ ਅਤੇ ਘਟਾਓ-ਵਿਰੋਧੀ ਕਿਰਿਆਵਾਂ ਦੇ ਰੂਪ ਵਿੱਚ



4 + 2 = 6



6 − 2 = 4



2 + 4 = 6



6 − 4 = 2

| | | | |
|---|---|---|---|
| 4 + 2 = 6 | | | 6 − 2 = 4 |
| 2 + 4 = 6 | | | 6 − 4 = 2 |




ਜੋੜ ਅਤੇ ਘਟਾਓ ਵਿਰੋਧੀ ਕਿਰਿਆਵਾਂ ਹਨ। ਹਰੇਕ ਜੋੜ ਤੱਥ ਲਈ ਅਸੀਂ ਸਬੰਧਤ ਘਟਾਓ ਤੱਥ ਲਿਖ ਸਕਦੇ ਹਾਂ।

### ਆਓ ਕਰੀਏ



| | | |
|---|---|---|
| 3 + 6 = ☐ | → | 9 − 6 = ☐ |
| | → | 9 − 3 = ☐ |
| 5 + 4 = ☐ | → | 9 − 5 = ☐ |
| | → | 9 − 4 = ☐ |



## ਆਓ ਸਿੱਖੀਏ

### 2 ਅੰਕੀ ਸੰਖਿਆ ਵਿੱਚ 1 ਅੰਕੀ ਸੰਖਿਆ ਦਾ ਜੋੜ (ਬਿਨਾਂ ਹਾਸਲ ਤੋਂ)




ਸੁਖਦੇਵ ਸਿੰਘ




ਬੰਟੀ




ਰਹੀਮ




ਤਰਲੀਨ




### (a) ਸੰਖਿਆ ਪੱਟੀ ਨਾਲ ਜੋੜ










| | ਦਹਾਈ | ਇਕਾਈਆਂ |
|---|---|---|
| | 1 | 0 |
| + | | 8 |
| | 1 | 8 |

1 ਦਹਾਈ 8 ਇਕਾਈਆਂ

10 + 8 = 18

## (b) ਗਿਣਤਾਰੇ ਨਾਲ ਜੋੜ

13 + 5




1 3 + 5 =

1. ਦਿੱਤੀਆਂ ਸੰਖਿਆਵਾਂ ਅਨੁਸਾਰ ਗਿਣਤਾਰੇ ਵਿੱਚ ਮੋਤੀ ਪਾਓ।
2. ਦੋਵਾਂ ਦੇ ਇਕਾਈ ਦੇ ਮੋਤੀਆਂ ਨੂੰ ਇਕੱਠਾ ਇੱਕ ਸਲਾਈ ਵਿੱਚ ਪਾ ਕੇ ਜੋੜੋ।
   3 + 5 = 8
3. ਹੁਣ ਦਹਾਈਆਂ ਦੇ ਮੋਤੀ ਇੱਕ ਸਿਲਾਈ ਵਿੱਚ ਪਾ ਕੇ ਜੋੜੋ।
   1 + 0 = 1
4. ਹੁਣ ਦਹਾਈਆਂ ਅਤੇ ਇਕਾਈਆਂ ਜੋੜੋ।
   1 ਦਹਾਈ ਅਤੇ 8 ਇਕਾਈਆਂ
   10 + 8 = 18




1 8

| | ਦਹਾਈ | ਇਕਾਈ |
|---|---|---|
| | 1 | 3 |
| + | | 5 |
| | 1 | 8 |

## (c) ਕਰੰਸੀ ਨੋਟਾਂ ਨਾਲ ਜੋੜ

36 + 3



ਵਿਧੀ : 1. ਦਿੱਤੀ ਸੰਖਿਆ ਅਨੁਸਾਰ ਕਰੰਸੀ ਨੋਟ ਚੁੱਕੋ।

2. ਪਹਿਲਾਂ ਇਕਾਈਆਂ ਦੇ ਨੋਟ ਜੋੜੋ।
   6 + 3 = 9
3. ਹੁਣ ਦਹਾਈਆਂ ਦੇ ਨੋਟ ਜੋੜੋ।
   3 + 0 = 3
4. 3 ਦਹਾਈਆਂ ਅਤੇ 9 ਇਕਾਈਆਂ
   30 + 9 = 39

## (d) ਬਿਨਾਂ ਸਮੂਹ ਬਣਾਏ ਜੋੜ

ਵਿਧੀ 1. ਸੰਖਿਆ ਦੇ ਅੰਕਾਂ ਨੂੰ ਖਾਨਿਆਂ ਵਿੱਚ ਲਿਖੋ।

| | |
|---|---|
| 7 | 0 |
| 0 | 9 |
| | |

2. ਸੰਖਿਆ ਨੂੰ ਦਹਾਈਆਂ ਅਤੇ ਇਕਾਈਆਂ ਵਿੱਚ ਲਿਖੋ।

| | | | |
|---|---|---|---|
| 7 | 0 | 7 ਦਹਾਈਆਂ | 0 ਇਕਾਈਆਂ |
| 0 | 9 | 0 ਦਹਾਈਆਂ | 9 ਇਕਾਈਆਂ |
| | | | |

3. ਪਹਿਲੇ ਇਕਾਈਆਂ ਨੂੰ ਜੋੜੋ।

| | | | | |
|---|---|---|---|---|
| | 7 | 0 | 7 ਦਹਾਈਆਂ | 0 ਇਕਾਈਆਂ |
| + | 0 | 9 | 0 ਦਹਾਈਆਂ | 9 ਇਕਾਈਆਂ |
| | | 9 | | 9 ਇਕਾਈਆਂ |

4. ਦਹਾਈਆਂ ਨੂੰ ਜੋੜੋ।

| | | | | |
|---|---|---|---|---|
| | 7 | 0 | 7 ਦਹਾਈਆਂ | 0 ਇਕਾਈਆਂ |
| + | 0 | 9 | 0 ਦਹਾਈਆਂ | 9 ਇਕਾਈਆਂ |
| | 7 | 9 | 7 ਦਹਾਈਆਂ | 9 ਇਕਾਈਆਂ |

70 + 9 = 79

### ਆਓ ਕਰੀਏ



**1. ਖਾਲੀ ਥਾਵਾਂ ਭਰੋ:**

20 + 7 = ____

40 + 8 = ____

50 + 9 = ____

70 + 6 = ____

30 + 2 = ____

60 + 5 = ____

80 + 4 = ____

90 + 3 = ____

2. ਖਾਲੀ ਥਾਵਾਂ ਭਰੋ :

| | | | | |
|---|---|---|---|---|
| 13 | + | 4 | = | |
| 11 | + | 8 | = | |
| 22 | + | 7 | = | |
| 34 | + | 4 | = | |

| | | | | |
|---|---|---|---|---|
| 43 | + | 6 | = | |
| 54 | + | 5 | = | |
| 46 | + | 2 | = | |
| 62 | + | 5 | = | |

3. ਖਾਲੀ ਥਾਵਾਂ ਭਰੋ:

| | | | | |
|---|---|---|---|---|
| ...... | + | 5 | = | 35 |
| ...... | + | 9 | = | 69 |
| ...... | + | 7 | = | 97 |

| | | | | |
|---|---|---|---|---|
| 36 | + | ...... | = | 39 |
| 54 | + | ...... | = | 58 |
| 72 | + | ...... | = | 77 |

4. ਸੰਖਿਆ ਨੂੰ ਦਹਾਈਆਂ ਅਤੇ ਇਕਾਈਆਂ ਵਿੱਚ ਤੋੜੋ:

| | | | | | | |
|---|---|---|---|---|---|---|
| 39 | = | ...... | ਦਹਾਈਆਂ | + | ...... | ਇਕਾਈਆਂ |
| 45 | = | ...... | ਦਹਾਈਆਂ | + | ...... | ਇਕਾਈਆਂ |
| 72 | = | ...... | ਦਹਾਈਆਂ | + | ...... | ਇਕਾਈਆਂ |
| 74 | = | ...... | ਦਹਾਈਆਂ | + | ...... | ਇਕਾਈਆਂ |

5. ਗਿਣਤਾਰੇ 'ਤੇ ਜੋੜ ਕਰੋ :




1 5 + 3 =




4 + 8 =

6. **ਦੱਸੇ ਅਨੁਸਾਰ ਗਿਣਤਾਰੇ 'ਤੇ ਮੋਤੀ ਬਣਾਓ ਅਤੇ ਜੋੜ ਕਰੋ:**




4 2 + 7 =

7. **ਦਿੱਤੇ ਅਨੁਸਾਰ ਕਰੰਸੀ ਨੋਟ ਬਣਾਓ ਤੇ ਜੋੜ ਕਰੋ:**

56 + 3

| | ਦਹਾਈ | ਇਕਾਈ |
|---|---|---|
| | | |
| | | |

8. ਇੱਕ ਟੋਕਰੀ ਵਿੱਚ 10 ਲਾਲ ਸੇਬ ਅਤੇ ਦੂਜੀ ਟੋਕਰੀ ਵਿੱਚ 8 ਹਰੇ ਸੇਬ ਹਨ। ਦੋਵਾਂ ਟੋਕਰੀਆਂ ਵਿੱਚ ਕਿੰਨੇ ਸੇਬ ਹਨ ?




9. ਰਜੀਆ ਕੋਲ 14 ਟਾਫ਼ੀਆਂ ਹਨ। ਉਸਦੇ ਮਾਤਾ ਜੀ ਨੇ ਉਸਨੂੰ 5 ਟਾਫ਼ੀਆਂ ਹੋਰ ਦੇ ਦਿੱਤੀਆਂ। ਰਜੀਆ ਕੋਲ ਕਿੰਨੀਆਂ ਟਾਫ਼ੀਆਂ ਹੋ ਗਈਆਂ ?




10. ਟਮਾਟਰ ਦੇ ਇੱਕ ਪੌਦੇ 'ਤੇ 12 ਟਮਾਟਰ ਲੱਗੇ ਹਨ। ਟਮਾਟਰ ਦੇ ਦੂਜੇ ਪੌਦੇ ਦੇ 7 ਟਮਾਟਰ ਲੱਗੇ ਹਨ। ਦੋਵਾਂ ਪੌਦਿਆਂ 'ਤੇ ਕੁੱਲ ਕਿੰਨੇ ਟਮਾਟਰ ਲੱਗੇ ਹਨ ?




**ਅਧਿਆਪਕ ਸੰਕੇਤ**

- ★ਜੋੜ-ਘਟਾਓ ਪ੍ਰਤੀ ਸਮਝ ਵਿਕਸਿਤ ਕਰਨ ਲਈ ਰਕਮਾਂ ਅਨੁਸਾਰ ਕਰੰਸੀ ਨੋਟਾਂ ਨੂੰ ਚੁੱਕਣਾ/ਗਿਣਤਾਰੇ ਵਿੱਚ ਮੋਤੀ ਪਾਉਣਾ। ਪੁੱਛਣ ਤੋਂ ਬਾਅਦ ਹੀ ਜੋੜ/ਘਟਾਓ ਕਰੰਸੀ ਨੋਟਾਂ/ਗਿਣਤਾਰੇ ਨਾਲ ਕਰਵਾਇਆ ਜਾਵੇ।
- ★ਉਸਦੀ ਸਮਝ ਵਿਕਸਿਤ ਕਰਨ ਤੋਂ ਬਾਅਦ ਕਾਪੀ 'ਤੇ ਸਵਾਲ ਕਰਵਾਏ ਜਾਣ।

## ਦੋ ਅੰਕੀ ਸੰਖਿਆ ਵਿੱਚੋਂ ਇੱਕ ਅੰਕੀ ਸੰਖਿਆ ਦੀ ਘਟਾਓ (ਬਿਨਾਂ ਹਾਸਲ)



## a. ਸੰਖਿਆ ਪੱਟੀ ਦੀ ਮਦਦ ਨਾਲ ਘਟਾਓ




16 − 4




| | ਦਹਾਈ | ਇਕਾਈਆਂ |
|---|---|---|
| | 1 | 6 |
| − | | 4 |
| | 1 | 2 |

16 − 4 = 12

## b. ਗਿਣਤਾਰੇ ਨਾਲ ਘਟਾਓ

42 − 2







**ਵਿਧੀ :**
1. ਦਿੱਤੇ ਸਵਾਲ ਅਨੁਸਾਰ ਗਿਣਤਾਰੇ ਵਿੱਚ ਮੋਤੀ ਪਾਓ।
2. ਪਹਿਲਾਂ ਇਕਾਈ ਦੇ ਦਿੱਤੇ ਅੰਕ ਅਨੁਸਾਰ ਇਕਾਈ ਦੇ ਮੋਤੀ ਬਾਹਰ ਕੱਢੋ।

   2 − 2 = 0
3. ਫਿਰ ਦਹਾਈ ਦੇ ਅੰਕਾਂ ਵਿੱਚੋਂ ਦਿੱਤੇ ਅਨੁਸਾਰ ਦਹਾਈ ਦੇ ਹੀ ਮੋਤੀ ਬਾਹਰ ਕੱਢੋ।

   4 − 0 = 4
4. ਦਹਾਈਆਂ, ਇਕਾਈਆਂ ਲਿਖੋ

   4 ਦਹਾਈਆਂ 0 ਇਕਾਈਆਂ

   = 40 + 0

   = 40

## (c) ਕਰੰਸੀ ਨੋਟਾਂ ਨਾਲ ਘਟਾਓ

57 − 7

(i)



ਵਿਧੀ :1. ਦਿੱਤੀ ਵੱਡੀ ਸੰਖਿਆ ਅਨੁਸਾਰ ਕਰੰਸੀ ਨੋਟ ਚੁੱਕੋ।

2. ਇਕਾਈਆਂ ਵਿੱਚੋਂ ਇਕਾਈਆਂ ਘਟਾਓ।

7 − 7 = 0

3. ਦਹਾਈਆਂ ਵਿੱਚੋਂ ਦਹਾਈਆਂ ਘਟਾਓ।

5 − 0 = 5

4. ਦਹਾਈਆਂ, ਇਕਾਈਆਂ ਗਿਣੋ।

5 ਦਹਾਈਆਂ 0 ਇਕਾਈਆਂ

50 + 0 = 50

## (d) ਦਹਾਈਆਂ, ਇਕਾਈਆਂ ਵਿੱਚ ਤੋੜ ਕੇ ਘਟਾਓ

78 − 7

| | | | |
|---|---|---|---|
| | 7 | 8 | 7 ਦਹਾਈਆਂ + 8 ਇਕਾਈਆਂ |
| − | | 7 | 0 ਦਹਾਈਆਂ + 7 ਇਕਾਈਆਂ |

| | | | |
|---|---|---|---|
| | 7 | 8 | 7 ਦਹਾਈਆਂ + 8 ਇਕਾਈਆਂ |
| − | | 7 | 0 ਦਹਾਈਆਂ + 7 ਇਕਾਈਆਂ |
| | | 1 | 1 ਇਕਾਈ |

| | | | |
|---|---|---|---|
| | 7 | 8 | 7 ਦਹਾਈਆਂ + 8 ਇਕਾਈਆਂ |
| − | 0 | 7 | 0 ਦਹਾਈਆਂ + 7 ਇਕਾਈਆਂ |
| | 7 | 1 | 7 ਦਹਾਈਆਂ + 1 ਇਕਾਈ |

78 − 7 = 71

ਵਿਧੀ: 1. ਪਹਿਲਾਂ ਘਟਾਓ ਦੀਆਂ ਰਕਮਾਂ ਦੇ ਅੰਕਾਂ ਨੂੰ ਕਾਲਮ ਵਿੱਚ ਲਿਖੋ।

2. ਫਿਰ ਸੰਖਿਆਵਾਂ ਨੂੰ ਦਹਾਈਆਂ ਅਤੇ ਇਕਾਈਆਂ ਵਿੱਚ ਲਿਖੋ।

3. ਇਕਾਈਆਂ ਵਿੱਚੋਂ ਇਕਾਈਆਂ ਘਟਾਓ।

8 − 7 = 1

4. ਦਹਾਈਆਂ ਵਿੱਚੋਂ ਦਹਾਈਆਂ ਘਟਾਓ।

7 − 0 = 7

5. 7 ਦਹਾਈਆਂ, 1 ਇਕਾਈ

6. 70 + 1

7. 71

## ਆਓ ਕਰੀਏ



**1. ਖਾਲੀ ਥਾਂਵਾਂ ਭਰੋ**

| | | | | | | | | | | | | | | |
|---|---|---|---|---|---|---|---|---|---|---|---|---|---|---|
| 26 | – | 4 | = | | 18 | – | | = 16 | | – | 8 | = 30 |
| 39 | – | 5 | = | | 43 | – | | = 40 | | – | 3 | = 56 |
| 87 | – | 6 | = | | 65 | – | | = 60 | | – | 5 | = 78 |
| 96 | – | 3 | = | | 65 | – | | = 59 | | – | 5 | = 83 |

**2. ਗਿਣਤਾਰੇ ਵਿੱਚੋਂ ਮੋਤੀ ਕੱਢ ਕੇ ਘਟਾਓ**




**3. ਕਰੰਸੀ ਨੋਟਾਂ ਨਾਲ ਘਟਾਓ**

65 – 5

**4. ਦਹਾਈਆਂ, ਇਕਾਈਆਂ ਵਿੱਚ ਤੋੜ ਕੇ ਘਟਾਓ**

| | | | |
|---|---|---|---|
| | 8 | 6 | → .... ਦਹਾਈਆਂ + .... ਇਕਾਈਆਂ |
| – | | 2 | → .... ਦਹਾਈਆਂ + .... ਇਕਾਈਆਂ |
| | | | .... ਦਹਾਈਆਂ + .... ਇਕਾਈਆਂ |

5. ਟੋਕਰੀ ਵਿੱਚ 24 ਸੰਤਰੇ ਪਏ ਹਨ। ਉਸ ਟੋਕਰੀ ਵਿੱਚੋਂ 3 ਸੰਤਰੇ ਖਾਣ ਲਈ ਬਾਹਰ ਕੱਢ ਲਏ। ਟੋਕਰੀ ਵਿੱਚ ਕਿੰਨੇ ਸੰਤਰੇ ਰਹਿ ਗਏ?

6. ਸੇਬ ਦੀ ਪੇਟੀ ਵਿੱਚ 37 ਸੇਬ ਹਨ। ਜਿਹਨਾਂ ਵਿੱਚੋਂ 5 ਸੇਬ ਖਰਾਬ ਹੋਣ ਕਾਰਨ ਕੱਢ ਦਿੱਤੇ। ਪੇਟੀ ਵਿੱਚ ਕਿੰਨੇ ਸੇਬ ਰਹਿ ਗਏ?

## ਦੋ-ਅੰਕੀ ਸੰਖਿਆ ਵਿੱਚ ਦੋ ਅੰਕੀ ਸੰਖਿਆ ਦਾ ਜੋੜ (ਬਿਨਾਂ ਹਾਸਲ ਤੋਂ)

### (a) ਇੱਕ ਸੰਖਿਆ ਤੋੜ ਕੇ

30 + 20







| | ਦ. | ਇ. |
|---|---|---|
| | 3 | 0 |
| + | 2 | 0 |
| | 5 | 0 |

30 + 20 = 50

45 + 30







| | ਦ. | ਇ. |
|---|---|---|
| | 4 | 5 |
| + | 3 | 0 |
| | 7 | 5 |

45 + 30 = 75

36 + 22







| | ਦ. | ਇ. |
|---|---|---|
| | 3 | 6 |
| + | 2 | 2 |
| | 5 | 8 |

36 + 22 = 58

**ਅਧਿਆਪਕ ਸੰਕੇਤ**

ਸਵਾਲ ਸ਼ੁਰੂ ਕਰਵਾਉਣ ਤੋਂ ਪਹਿਲਾਂ ਸੰਖਿਆ ਦੇ ਜੋੜ-ਤੋੜ ਪੁੱਛੇ ਜਾਣ। ਉਸ ਤੋਂ ਬਾਅਦ ਸਵਾਲ ਕਰਵਾਏ ਜਾਣ।

## ਆਉ ਕਰੀਏ



(a) ਇੱਕ ਸੰਖਿਆ ਤੋੜ ਕੇ ਜੋੜ ਕਰੋ।

| | |
|---|---|
| (1) 40 + 20 | (2) 78 + 21 |
| (3) 56 + 40 | (4) 30 + 22 |

5. ਅਵਨੀਤ ਨੇ ਆਪਣੀ ਕਿਆਰੀ ਵਿੱਚ ਗੁਲਾਬ ਦੇ 20 ਪੌਦੇ ਅਤੇ ਗੇਂਦੇ ਦੇ 10 ਪੌਦੇ ਲਗਾਏ। ਅਵਨੀਤ ਨੇ ਕਿੰਨੇ ਪੌਦੇ ਲਗਾਏ ?

6. ਸੰਜੀਵ ਕੋਲ 30 ਗੁਬਾਰੇ ਸਨ। ਬੌਬੀ ਨੇ ਉਸਨੂੰ 15 ਗੁਬਾਰੇ ਹੋਰ ਦੇ ਦਿੱਤੇ। ਸੰਜੀਵ ਕੋਲ ਹੁਣ ਕਿੰਨੇ ਗੁਬਾਰੇ ਹੋ ਗਏ ?

7. ਦੂਸਰੀ ਜਮਾਤ ਵਿੱਚ 18 ਕੁੜੀਆਂ ਅਤੇ 21 ਮੁੰਡੇ ਹਨ। ਦੂਸਰੀ ਜਮਾਤ ਵਿੱਚ ਕੁੱਲ ਕਿੰਨੇ ਵਿਦਿਆਰਥੀ ਹਨ ?



## ਆਓ ਸਿੱਖੀਏ

### ਦੋ ਅੰਕੀ ਸੰਖਿਆ ਵਿੱਚੋਂ ਦੋ ਅੰਕੀ ਸੰਖਿਆ ਦੀ ਘਟਾਓ

#### ਇੱਕ ਸੰਖਿਆ ਤੋੜ ਕੇ

34 − 10




| | ਦ. | ਇ. |
|---|---|---|
| | 3 | 4 |
| − | 1 | 0 |
| | 2 | 4 |

---

50 − 20







| | ਦ. | ਇ. |
|---|---|---|
| | 5 | 0 |
| − | 2 | 0 |
| | 3 | 0 |

---

68 − 12







| | ਦ. | ਇ. |
|---|---|---|
| | 6 | 8 |
| − | 1 | 2 |
| | 5 | 6 |

## ਆਓ ਕਰੀਏ



(1) **ਇੱਕ ਸੰਖਿਆ ਤੋੜ ਕੇ ਘਟਾਓ ਕਰੋ :**

| | |
|---|---|
| 40 − 20 | 76 − 36 |
| 54 − 40 | 85 − 14 |

2. ਇੱਕ ਟੋਕਰੀ ਵਿੱਚ 30 ਕਿੰਨੂ ਸਨ। ਟੋਕਰੀ ਵਿੱਚੋਂ 20 ਕਿੰਨੂ ਕੱਢ ਲਏ। ਟੋਕਰੀ ਵਿੱਚ ਕਿੰਨੇ ਕਿੰਨੂ ਰਹਿ ਗਏ?
3. ਇੱਕ ਜਮਾਤ ਵਿੱਚ 40 ਵਿਦਿਆਰਥੀ ਸਨ। ਜਿਹਨਾਂ ਵਿੱਚੋਂ 30 ਵਿਦਿਆਰਥੀਆਂ ਨੇ ਦੌੜਾਂ ਵਿੱਚ ਹਿੱਸਾ ਲਿਆ। ਕਿੰਨੇ ਵਿਦਿਆਰਥੀ ਨੇ ਦੌੜਾਂ ਵਿੱਚ ਹਿੱਸਾ ਨਹੀਂ ਲਿਆ?
4. ਕਹਾਣੀਆਂ ਦੀ ਪੁਸਤਕ ਵਿੱਚ 28 ਕਹਾਣੀਆਂ ਹਨ। ਰਮਨ ਨੇ 20 ਕਹਾਣੀਆਂ ਉਸ ਪੁਸਤਕ ਵਿੱਚੋਂ ਪੜ੍ਹ ਲਈਆਂ। ਰਮਨ ਨੇ ਕਿੰਨੀਆਂ ਕਹਾਣੀਆਂ ਹੋਰ ਪੜ੍ਹਨੀਆਂ ਹਨ?
5. ਜਸਵੀਰ ਕੋਲ 42 ਮੋਤੀ ਹਨ। ਉਸਨੇ 35 ਮੋਤੀਆਂ ਦੀ ਇੱਕ ਮਾਲਾ ਬਣਾਈ। ਉਸ ਕੋਲ ਕਿੰਨੇ ਮੋਤੀ ਰਹਿ ਗਏ?
6. ਲਖਵਿੰਦਰ ਕੋਲ 67 ਪੈਨਸਿਲਾਂ ਸਨ। ਉਸਨੇ ਆਪਣੇ ਜਨਮ ਦਿਨ 'ਤੇ 36 ਪੈਨਸਿਲਾਂ ਆਪਣੀਂ ਜਮਾਤ ਵਿੱਚ ਵੰਡ ਦਿੱਤੀਆਂ। ਉਸ ਕੋਲ ਕਿੰਨੀਆਂ ਪੈਨਸਿਲਾਂ ਰਹਿ ਗਈਆਂ?
7. ਗਿੰਨੀ ਕੋਲ 98 ਰੁਪਏ ਹਨ। ਜਿਸ ਵਿੱਚੋਂ ਉਸਨੇ 86 ਰੁਪਏ ਦੀ ਗੁੱਡੀ ਖਰੀਦੀ। ਉਸ ਕੋਲ ਕਿੰਨੇ ਰੁਪਏ ਰਹਿ ਗਏ?



## ਆਓ ਸਿੱਖੀਏ

## ਦੋ ਅੰਕੀ ਸੰਖਿਆ ਵਿੱਚ ਦੋ ਅੰਕੀ ਸੰਖਿਆ ਦਾ ਜੋੜ (ਹਾਸਲ ਸਮੇਤ)

### (a) ਇੱਕ ਸੰਖਿਆ ਤੋੜ ਕੇ

37 + 25 = 37 + 20 + 5
= 37 + 20 + 5
= 57 + 5
= 62




### (b) ਦੋਵੇਂ ਸੰਖਿਆਵਾਂ ਤੋੜ ਕੇ

48 + 27
= 40+ 8 + 20+ 7
= 40+ 20 + 8 + 7
= 60 + 15
= 75




### (c) ਵਿਸਥਾਰ ਵਿਧੀ

ਪਗ (1)

53 + 48 =

| | ਦਹਾਈਆਂ | ਇਕਾਈਆਂ |
|---|---|---|
| | 5 | 3 |
| + | 4 | 8 |
| | | |

ਪਗ (2)

| | |
|---|---|
| 5 ਦਹਾਈਆਂ + | 3 ਇਕਾਈਆਂ |
| 4 ਦਹਾਈਆਂ + | 8 ਇਕਾਈਆਂ |
| | 11 ਇਕਾਈਆਂ |

ਕਿਉਂਕਿ 10 ਇਕਾਈਆਂ = 1 ਦਹਾਈ ਇਸ ਲਈ 11 ਇਕਾਈਆਂ = 1 ਦਹਾਈ 1 ਇਕਾਈ

ਪਗ (3)

| | |
|---|---|
| 1 ਦਹਾਈ | |
| 5 ਦਹਾਈਆਂ | + 3 ਇਕਾਈਆਂ |
| 4 ਦਹਾਈਆਂ | + 8 ਇਕਾਈਆਂ |
| 10 ਦਹਾਈਆਂ | + 1 ਇਕਾਈ |

= 10 ਦਹਾਈਆਂ + 1 ਇਕਾਈ
= 100 + 1 = 101

## ਆਓ ਕਰੀਏ



1. ਇੱਕ ਸੰਖਿਆ ਤੋੜ ਕੇ ਜੋੜ ਕਰੋ:

| | |
|---|---|
| 44 + 37 | 52 + 48 |

2. ਦੋਵੇਂ ਸੰਖਿਆਵਾਂ ਤੋੜ ਕੇ ਜੋੜ ਕਰੋ:

3. ਵਿਸਥਾਰ ਵਿਧੀ ਨਾਲ ਜੋੜ ਕਰੋ:

| | |
|---|---|
| 45 + 36 | 54 + 27 |

4. ਦੂਜੀ ਸ਼੍ਰੇਣੀ ਵਿੱਚ 28 ਵਿਦਿਆਰਥੀ ਹਨ। ਦੋ ਵਿਦਿਆਰਥੀ ਨਵੇਂ ਦਾਖ਼ਲ ਹੋ ਗਏ। ਦੂਜੀ ਸ਼੍ਰੇਣੀ ਵਿੱਚ ਹੁਣ ਕਿੰਨੇ ਵਿਦਿਆਰਥੀ ਹੋ ਗਏ ?
5. ਇੱਕ ਪਿੰਡ ਵਿੱਚ 64 ਦਰਖ਼ਤ ਲੱਗੇ ਹਨ। ਪਿੰਡ ਵਾਲਿਆਂ ਨੇ 26 ਦਰਖ਼ਤ ਹੋਰ ਲਗਾ ਦਿੱਤੇ। ਹੁਣ ਪਿੰਡ ਵਿੱਚ ਕਿੰਨੇ ਦਰਖ਼ਤ ਹੋ ਗਏ ?

# ਦੋ ਅੰਕੀ ਸੰਖਿਆ ਵਿੱਚੋਂ ਦੋ ਅੰਕੀ ਸੰਖਿਆ ਦੀ ਘਟਾਓ (ਹਾਸਲ ਸਮੇਤ)

## (a) ਇੱਕ ਸੰਖਿਆ ਤੋੜ ਕੇ

(i) 46 − 28







46 − 28 = 18

## (b) ਕਰੰਸੀ ਨੋਟਾਂ ਨਾਲ

42 − 19 (i) ਦਿੱਤੀ ਸੰਖਿਆ 42 ਅਨੁਸਾਰ ਕਰੰਸੀ ਨੋਟ ਚੁੱਕੋ



(ii) ਕਿਉਂਕਿ 2 ਰੁ. ਵਿੱਚੋਂ 9 ਰੁ ਨਹੀਂ ਦਿੱਤੇ ਜਾ ਸਕਦੇ। ਇਸ ਲਈ ਇੱਕ ਦਸ ਦੇ ਨੋਟ ਬਦਲੇ ਇੱਕ-ਇੱਕ ਦੇ 10 ਨੋਟ ਜੋੜਾਂਗੇ ਤਾਂ ਕਿ 10 + 2 = 12 ਹੋ ਜਾਣ।



(iii) ਹੁਣ ਘਟਾਉਣ ਵਾਲੀ ਸੰਖਿਆ-19 ਦੇ ਇਕਾਈ ਦੇ ਅੰਕ ਦੇ ਬਰਾਬਰ 9 (ਇੱਕ-ਇੱਕ ਦੇ) ਨੋਟ ਕੱਟੋ।



(iv) ਹੁਣ ਘਟਾਉਣ ਵਾਲੀ ਸੰਖਿਆ ਦੇ ਦਹਾਈ ਦੇ ਅੰਕ ਦੇ ਬਰਾਬਰ ਇੱਕ 10 ਦਾ ਨੋਟ ਕੱਟੋ।



(v) ਗਿਣੋ ਤੇ ਲਿਖੋ

| | |
|---|---|
| 20 | 3 |

20 + 3 = 23

## ਆਓ ਕਰੀਏ



1. ਇੱਕ ਸੰਖਿਆ ਨੂੰ ਤੋੜ ਕੇ ਘਟਾਓ :

| | |
|---|---|
| 82 − 16 | 30 − 18 |
| 60 − 25 | 76 − 57 |

2. ਇੱਕ ਪੌਦੇ 'ਤੇ ਗੁਲਾਬ ਦੇ 20 ਫੁੱਲ ਲੱਗੇ ਸਨ। ਮੀਂਹ ਕਾਰਣ 14 ਫੁੱਲ ਹੇਠਾਂ ਡਿੱਗ ਗਏ। ਹੁਣ ਪੌਦੇ 'ਤੇ ਕਿੰਨੇ ਫੁੱਲ ਰਹਿ ਗਏ?
3. ਫ਼ਲਾਂ ਦੀ ਰੇਹੜੀ 'ਤੇ 91 ਅੰਬ ਸਨ। ਜਿਹਨਾਂ ਵਿੱਚੋਂ 57 ਅੰਬ ਵਿਕ ਗਏ। ਰੇਹੜੀ 'ਤੇ ਕਿੰਨੇ ਅੰਬ ਰਹਿ ਗਏ?

# ਆਓ ਖੇਡੀਏ

## ਖੇਡ-ਖੇਡ ਵਿੱਚ ਜੋੜ/ਘਟਾਓ

**ਉਦੇਸ਼ :** ਜ਼ਬਾਨੀ ਤੌਰ (ਦਿਮਾਗੀ) ਤੇ ਜੋੜ-ਘਟਾਓ ਕਰਨਾ।

**ਸਮੱਗਰੀ :** (1) ਦੋ ਪਾਸੇ (DICE) ਜਿਹਨਾਂ ਵਿਚੋਂ:

(i) ਇੱਕ ਪਾਸੇ ਦੇ 3 ਤਲਾਂ 'ਤੇ '+' ਦਾ ਨਿਸ਼ਾਨ ਅਤੇ 3 ਤਲਾਂ ਤੇ '–' ਦਾ ਨਿਸ਼ਾਨ

(ii) ਦੂਜੇ ਪਾਸੇ ਤੇ 1,2,3 10,20,30 ਲਿਖੋ।

(2) ਚਾਰਟ (3) ਮਾਰਕਰ

**ਵਿਧੀ :** (i) ਚਾਰਟ 'ਤੇ 100 ਤੱਕ ਗਿਣਤੀ ਲਿਖ ਕੇ ਗੱਤੇ 'ਤੇ ਪੇਸਟ ਕਰੋ।

(ii) 2-3 ਬੱਚੇ ਮਿਲਕੇ ਇਹ ਖੇਡ ਸਕਦੇ ਹਨ।

(iii) ਦੋਵੇਂ ਬੱਚੇ ਆਪਣੀਆਂ ਗੀਟੀਆਂ 30 'ਤੇ ਰੱਖਣਗੇ।

(iv) ਪਹਿਲਾ ਬੱਚਾ ਦੋਵੇਂ ਪਾਸੇ ਇਕੱਠੇ ਸੁੱਟੇਗਾ।





(v) ਪਾਸੇ 'ਤੇ ਆਈ ਸੰਖਿਆ ਅਤੇ '+' '–' ਅਨੁਸਾਰ ਆਪਣੀ ਗੀਟੀ ਚਲਾਏਗਾ।

(vi) ਉਦਾਹਰਣ ਦੇ ਤੌਰ 'ਤੇ ਮੰਨ ਲਓ ਬੱਚੇ ਦੀ ਗੀਟੀ 51 'ਤੇ ਹੈ।ਉਸਦਾ ਦੋਨੋ ਡਾਈਸ ਸੁੱਟਣ 'ਤੇ '10' ਆਇਆ ਤਾਂ ਉਹ ਆਪਣੀ ਗੀਟੀ 61 'ਤੇ ਰੱਖੇਗਾ।

(vii) ਦੂਜੇ ਬੱਚੇ ਦੀ ਗੀਟੀ 36 'ਤੇ ਹੈ ਜਦੋਂ ਦੋਵੇਂ ਡਾਈਸ ਸੁੱਟਣ 'ਤੇ ਨੰਬਰ '3' ਆਇਆ।ਉਹ ਬੱਚਾ ਆਪਣੀ ਗੀਟੀ 36 ਤੋਂ 33 ਤੇ ਰੱਖੇਗਾ।

(vii) ਇਸ ਤਰ੍ਹਾਂ ਖੇਡ ਚੱਲਦੀ ਰਹੇਗੀ ਜਿਹੜਾ ਬੱਚਾ ਸਭ ਤੋਂ ਪਹਿਲਾਂ 100 'ਤੇ ਪਹੁੰਚੇਗਾ, ਉਹ ਜਿੱਤ ਜਾਏਗਾ।










## ਆਓ ਸਿੱਖੀਏ

**ਸੰਖਿਆਵਾਂ ਨੂੰ ਜੋੜੋ ਅਤੇ ਜਾਂਚ ਕਰੋ**

| | ਜਾਂਚ | | ਜਾਂਚ |
|---|---|---|---|
| 18 | 56 | 72 | 96 |
| +38 | − 38 | + 24 | − 72 |
| 56 | 18 | 96 | 24 |

## ਆਓ ਕਰੀਏ



| | ਜਾਂਚ | | ਜਾਂਚ |
|---|---|---|---|
| 46 | | 26 | |
| + 49 | 46 | + 64 | − 64 |
| | | | |

| | ਜਾਂਚ | | ਜਾਂਚ |
|---|---|---|---|
| 53 | | 57 | |
| + 46 | − 46 | + 40 | − 40 |
| | | | |

| | ਜਾਂਚ | | ਜਾਂਚ |
|---|---|---|---|
| 33 | | 43 | |
| + 28 | − 33 | + 29 | − 43 |
| | | | |

| | ਜਾਂਚ | | ਜਾਂਚ |
|---|---|---|---|
| 32 | | 64 | |
| + 59 | − 59 | + 27 | − 27 |
| | | | |



## ਆਓ ਸਿੱਖੀਏ

### ਜੋੜ-ਘਟਾਓ ਵਿੱਚ ਸਬੰਧ

17 + 19 = 36
36 − 17 = 19 | 36 − 19 = 17

17 + 15 = 32
32−17 = 15 | 32−15 = 17

15 + 15 = 30
30−15 = 15 | 30−15 = 15

23 + 24 = 47
47 − 23 = 24 | 47 − 24 = 23

40 + 50 = 90
90 − 40 = 50 | 90 − 50 =40

---

## ਆਓ ਕਰੀਏ



30 + 40 =
70 − 30 = | 70 − 40 =

48 + 44 =
92 − 48 = | 92 − 44 =

36 + 37 =
73 − 36 = | 73 − 37 =

55 + 44 =
99 − 55 = | 99 − 44 =

60 + 35 =
95 − 60 = | 95 − 35 =

49 + 36 =
85 − 36 = | 85 − 49 =

48 + 50 =
98 − 48 = | 98 − 50 =

47 + 48 =
95 − 47 = | 95 − 48 =

# ਦਿਮਾਗੀ ਕਸਰਤ

| + | 50 | 42 | 34 | 26 | 18 |
|---|---|---|---|---|---|
| 30 | | | | | |
| 32 | | | 66 | | |
| 35 | | | | | |
| 37 | | | | | 55 |
| 39 | | | | | |

| + | 36 | 40 | 56 | 29 | 32 |
|---|---|---|---|---|---|
| 10 | | | | | |
| 15 | | | | | |
| 17 | | | | | |
| 19 | | | | | |
| 22 | | | | | |

## ਜੋੜ/ਘਟਾਓ ਕਰੋ












# ਦਿਮਾਗੀ ਕਸਰਤ



ਕੀ ਤੁਸੀਂ ਮੇਰੀ ਕਿਸ਼ਤੀ ਨੂੰ ਪਾਣੀ
ਵਿੱਚ ਤੈਰਨ ਵਿੱਚ ਮਦਦ ਕਰ ਸਕਦੇ ਹੋ?



# ਦਿਮਾਗੀ ਕਸਰਤ

**ਸੋਚੋ, ਸਮਝੋ ਅਤੇ ਕਰੋ**

| | | | | | | | | | | | | |
|---|---|---|---|---|---|---|---|---|---|---|---|---|
| | | | | 9 | | | | | | | | |
| | | | | + | | | | | | | | |
| | | 9 | | 6 | | | | | | | | |
| | 10 | − | 5 | = | | | | | | | | |
| | | 6 | | | | | | | | | | |
| | | = | | | | | | | | | | |
| 3 | + | 3 | = | | | | | | | | | |
| | | | | − | | | | | | | | |
| | | | | 4 | | 6 | + | 8 | = | | | |
| | | | | = | | − | | | | | | |
| | | | | | + | 6 | = | | | | | |
| | | | | | | = | | | | | | |
| | | | | 9 | + | | = | | | | | |
| | | | | | | | | + | | | | |
| | | | | | | 30 | + | 7 | = | | | |
| | | | | | | | | = | | | | |
| | | | | | | 26 | − | | = | 10 | | |
| | | | | | | − | | | | + | | |
| | | | | 16 | + | 14 | = | | | 5 | | |
| | | | | | | = | | | | = | | |
| | | | | | | | | 25 | − | | = | |



## ਆਓ ਖੇਡੀਏ

**ਉਦੇਸ਼ :** ਦਿਮਾਗੀ ਕਸਰਤ ਨਾਲ ਜੋੜ ਕਰਨਾ।

**ਵਿਧੀ :** 1,2,3,4,5,6 ਅੰਕਾਂ ਦੀ ਵਰਤੋਂ ਨਾਲ ਜੋ ਟੀਮ ਪਹਿਲਾਂ 50 ਤੱਕ ਪਹੁੰਚੇਗੀ ਉਹ ਜੇਤੂ ਹੋਵੇਗੀ।

* ਇਹ ਖੇਡ ਦੋ ਬੱਚੇ ਜਾਂ 2 ਟੀਮਾਂ ਵੀ ਖੇਡ ਸਕਦੀਆਂ ਹਨ।
* ਮੰਨ ਲਓ ਇੱਕ ਟੀਮ A ਹੈ ਅਤੇ ਦੂਜੀ ਟੀਮ B ਹੈ।
* ਪਹਿਲਾਂ ਟੀਮ A ਸ਼ੁਰੂ ਕਰਦੀ ਹੈ ਉਹ ਬਲੈਕ ਬੋਰਡ ’ਤੇ ਲਿਖੇਗੀ। ਫਿਰ B ਟੀਮ ਦੀ ਵਾਰੀ, ਫਿਰ A ਟੀਮ.....

| | | |
|---|---|---|
| A | 2 | |
| | + 3 | B |
| | 5 | |
| A | + 1 | |
| | 6 | |
| | + 3 | B |
| | 9 | |
| A | + 6 | |
| | 15 | |

| | | |
|---|---|---|
| | 15 | |
| | + 4 | B |
| | 19 | |
| A | +3 | |
| | 22 | |
| | +6 | B |
| | 28 | |
| A | +1 | |
| | 29 | |

| | | |
|---|---|---|
| | 29 | |
| | +6 | B |
| | 35 | |
| A | +1 | |
| | 36 | |
| | +4 | B |
| | 40 | |
| A | +3 | |
| | 43 | |
| | +6 | B |
| | 49 | |
| A | +1 | |
| | 50 | |

ਇਸ ਤਰ੍ਹਾਂ A ਟੀਮ 50 ਤੱਕ ਪਹਿਲਾਂ ਪਹੁੰਚ ਕੇ ਜੇਤੂ ਬਣ ਜਾਏਗੀ।

# ਵਰਕਸ਼ੀਟ

1. ਗਿਣੋ ਅਤੇ ਲਿਖੋ।



2. ਅੱਗੇ ਵੱਲ ਗਿਣਦੇ ਹੋਏ ਜੋੜੋ।

16 + 4 = ☐    23 + 5 = ☐    33 + 6 = ☐

3. ਜੋੜੋ:

30 + 8 = ☐    40 + 7 = ☐    80 + 9 = ☐

4. ਜੋੜ ਕਰੋ:

| | | |
|---|---|---|
| 37 | 49 | 56 |
| + 12 | + 30 | + 28 |
| ____ | ____ | ____ |

5. ਪੁੱਠੀ ਗਿਣਤੀ ਕਰਦੇ ਹੋਏ ਘਟਾਓ।

26 − 4 = ☐    44 − 4 = ☐    57 − 8 = ☐

6. ਘਟਾਓ ਕਰੋ:

| | | |
|---|---|---|
| 3 9 | 4 7 | 6 2 |
| − 2 0 | −2 7 | −4 9 |
| ____ | ____ | ____ |

7. ਸੰਖਿਆ ਤੋੜ ਕੇ ਜੋੜ ਕਰੋ: 48 + 25



## ਯਾਦ ਰੱਖਣ ਯੋਗ

* ਸਿਫ਼ਰ ਜੋੜਨ ਜਾਂ ਘਟਾਉਣ ਨਾਲ ਕੋਈ ਫ਼ਰਕ ਨਹੀਂ ਪੈਂਦਾ।
* ਜੋੜ–ਅੱਗੇ ਵੱਲ ਗਿਣਨਾ
* ਘਟਾਓ–ਪਿੱਛੇ ਵੱਲ ਗਿਣਨਾ
* ਜੋੜ ਦਾ ਚਿੰਨ੍ਹ '+'
* ਘਟਾਓ ਦਾ ਚਿੰਨ੍ਹ '–'

## ਅਸੀਂ ਜੋ ਸਿੱਖਿਆ



# 3 ਗੁਣਾ ਅਤੇ ਭਾਗ

## ਉਦੇਸ਼

1. ਸਮੂਹ ਬਨਾਉਣ ਦੀ ਸਮਝ ਵਿਕਸਿਤ ਕਰਨੀ।
2. ਸਮੂਹ ਦੇ ਜੋੜ ਦੇ ਦੁਹਰਾਓ ਨਾਲ ਲਿਖਣ ਦੀ ਸਮਝ ਵਿਕਸਿਤ ਕਰਨਾ।
3. ਬਰਾਬਰ ਵੰਡਣ ਦੀ ਸਮਝ ਵਿਕਸਿਤ ਕਰਨੀ।
4. ਬਰਾਬਰ ਸਮੂਹ ਬਨਾਉਣ ਦੀਆਂ ਕਿਰਿਆਵਾਂ।

## ਕੀ ਤੁਹਾਨੂੰ ਯਾਦ ਹੈ ?

### ਗਤੀਵਿਧੀ









## 2 - 2 ਦੇ ਸਮੂਹ



ਸਾਰੇ ਬੱਚੇ ਆਪਣੇ ਹੱਥ ਦੀਆਂ 2 - 2 ਉਂਗਲਾਂ ਅੱਗੇ ਕਰੋ।



2 + 2 + 2 + 2 + 2 =



5 ਵਾਰ 2 ਉਂਗਲਾਂ

2 + 2 + 2 + 2 + 2 = 5 ਵਾਰ 2

= 5 × 2

= 10



ਉਹੀ ਸੰਖਿਆ ਵਾਰ-ਵਾਰ ਜੋੜਨਾ ਕੀ ਹੈ?



ਵਾਰ ਦੀ ਥਾਂ '×' ਨਿਸ਼ਾਨ ਲਗਾਓ। ਇਸਨੂੰ ਗੁਣਾ ਕਹਿੰਦੇ ਹਨ।

ਹੁਣ 3-3 ਉਂਗਲਾ ਅੱਗੇ ਕਰੋ



3 + 3 + 3



3 ਵਾਰ 3 ਉਂਗਲਾਂ

3 + 3 + 3 = 3 ਵਾਰ 3

= 3 × 3

= 9



ਆਓ 2 ਅਤੇ 3 ਦੀ ਵੀ ਛਾਲ ਲਗਾਈਏ




## ਵੱਖ-ਵੱਖ ਤਰੀਕੇ ਦੀ ਗਿਣਤੀ ਬੋਲਣਾ



ਸਾਰੇ ਬੱਚੇ ਮਿਲਕੇ
2 ਦੀ ਛਾਲ ਲਗਾ ਕੇ ਕਿੱਥੇ
ਤੱਕ ਪਹੁੰਚੇ, ਚਲੋ ਨਾਲ-ਨਾਲ ਬੋਲੀਏ।

2, 4, 6, 8, 10, 12, 14, 16 18, 20



3 ਦੀ ਛਾਲ ਲਗਾਕੇ
ਕਿੱਥੇ ਪਹੁੰਚੇ, ਚਲੋ ਸਾਰੇ ਬੋਲੋ।



3, 6, 9, 12, 15, 18, 21, 24, 27, 30

## ਆਓ ਕਰੀਏ



**ਖਾਲੀ ਥਾਵਾਂ ਭਰੋ** | **ਗਿਣੋ ਅਤੇ ਲਿਖੋ**

| | | |
|---|---|---|
|  | = 3 ਵਾਰ 4 | 3 × 4 |
|  | | |
|  | | |

**ਵਾਰ-ਵਾਰ ਜੋੜ ਨੂੰ ਗੁਣਾ ਦੇ ਰੂਪ ਵਿੱਚ ਬਦਲੋ**

| | |
|---|---|
| 4 + 4 + 4 + 4 + 4 + 4 + 4 | 7 × 4 |
| 2 + 2 + 2 + 2 + 2 | |
| 3 + 3 + 3 + 3 + 3 + 3 | |
| 2 + 2 + 2 + 2 + 2 + 2 + 2 | |



## ਆਓ ਸਿੱਖੀਏ







4 ਵਾਰ 3 = 4 × 3 = 12










5 ਵਾਰ 4 = 5 × 4 = 20




3 ਵਾਰ 2 = 3 × 2 = 6

## ਦੋ-ਦੋ ਦੇ ਸਮੂਹ ਅਨੁਸਾਰ ਲਿਖੋ


1 ਵਾਰ 2 = 1 × 2


2 ਵਾਰ 2 = 2 × 2


3 ਵਾਰ 2 = 3 × 2


4 ਵਾਰ 2 =


5 ਵਾਰ 2 =


6 ਵਾਰ 2 =


7 ਵਾਰ 2 =


8 ਵਾਰ 2 =


9 ਵਾਰ 2 =


10 ਵਾਰ 2 =

## ਤਿੰਨ-ਤਿੰਨ ਦੇ ਸਮੂਹ ਅਨੁਸਾਰ ਲਿਖੋ

| | | |
|---|---|---|
|  | 1 ਵਾਰ 3 = | 1 × 3 |
|  | 2 ਵਾਰ 3 = | 2 × 3 |
|  | 3 ਵਾਰ 3 = | 3 × 3 |
|  | 4 ਵਾਰ 3 = | |
|  | 5 ਵਾਰ 3 = | |
|  | 6 ਵਾਰ 3 = | |
|  | 7 ਵਾਰ 3 = | |
|  | 8 ਵਾਰ 3 = | |
|  | 9 ਵਾਰ 3 = | |
|  | 10 ਵਾਰ 3 = | |

## ਆਓ ਕਰੀਏ



1. ਵਾਰ-ਵਾਰ ਜੋੜੋ ਅਤੇ ਗੁਣਾ ਦੇ ਰੂਪ ਵਿੱਚ ਬਦਲੋ:



☐ + ☐ + ☐ + ☐ = ☐ x ☐



☐ + ☐ + ☐ = ☐ x ☐

2. ਜੋੜ ਨੂੰ ਗੁਣਾ ਦੇ ਰੂਪ ਵਿੱਚ ਬਦਲੋ:

3 + 3 + 3 + 3 + 3 = ☐ x ☐

5 + 5 + 5 + 5 = ☐ x ☐

6 + 6 = ☐ x ☐

2 + 2 + 2 + 2 + 2 + 2 = ☐ x ☐

1 + 1 + 1 + 1 + 1 + 1 + 1 + 1 + 1 = ☐ x ☐

## ਆਓ ਕਰੀਏ






| | | ਕਿੰਨੇ ਸਮੂਹ ਬਣੇ? |
|---|---|---|
| (i) |  | 3 |
| (ii) |  | |
| (iii) |  | |
| (iv) |  | |
| (v) |  | |
| (vi) |  | |
| (vii) |  | |



ਆਓ 3-3 ਦੇ ਸਮੂਹ ਬਣਾਈਏ

**ਕਿੰਨੇ ਸਮੂਹ ਬਣੇ?**

(i)



2

(ii)



(iii)



(iv)



(v)



(vi)



# ਰਮਨ ਦਾ ਜਨਮਦਿਨ



ਅੱਜ ਮੇਰਾ ਜਨਮ ਦਿਨ ਹੈ, ਮੈਂ ਆਪਣੇ ਦੋਸਤਾਂ ਲਈ ਟਾਫ਼ੀਆਂ ਲਿਆਇਆ ਹਾਂ।
ਅੱਜ ਰਮਨ ਦਾ ਜਨਮ ਦਿਨ ਹੈ।
ਰਮਨ ਤੁਹਾਡੇ ਕੋਲ ਕਿੰਨੀਆਂ ਟਾਫ਼ੀਆਂ ਹਨ ?
8 ਟਾਫ਼ੀਆਂ। ਮੈਂ ਆਪਣੇ 4 ਦੋਸਤਾਂ ਨੂੰ ਟਾਫ਼ੀਆਂ ਦੇਣੀਆਂ ਹਨ।
ਹਾਂ ਜੀ।
ਠੀਕ ਹੈ, ਤੁਸੀਂ ਆਪਣੇ 4 ਦੋਸਤਾਂ ਨੂੰ ਬਰਾਬਰ ਟਾਫ਼ੀਆਂ ਵੰਡਣੀਆਂ ਹਨ।
2
2
2
2
ਹਰੇਕ ਨੂੰ 2 ਟਾਫ਼ੀਆਂ ਮਿਲੀਆਂ।
ਭਾਗ (ਵੰਡ) ਦਾ ਚਿੰਨ੍ਹ '÷' ਹੈ।



## ਆਓ ਸਿੱਖੀਏ

### ਬਰਾਬਰ ਵੰਡਣਾ

8 ਪੈਨਸਿਲਾਂ 4 ਬੱਚਿਆਂ ਵਿੱਚ ਬਰਾਬਰ ਵੰਡੋ





8 ÷ 4 = 2

9 ਗੇਂਦਾਂ 3 ਬੱਚਿਆਂ ਵਿੱਚ ਬਰਾਬਰ ਵੰਡੋ





9 ÷ 3 = 3

## ਆਓ ਕਰੀਏ



10 ਮੋਤੀ 2 ਮਾਲਾ ਵਿੱਚ ਬਰਾਬਰ-ਬਰਾਬਰ ਪਾਓ।





10 ÷ 2 = ☐

6 ਟਾਫ਼ੀਆਂ 3 ਬੱਚਿਆਂ ਵਿੱਚ ਬਰਾਬਰ-ਬਰਾਬਰ ਵੰਡੋ।





6 ÷ 3 = ☐

ਬਰਾਬਰ-ਬਰਾਬਰ ਵੰਡਣ ਦੀ ਵਿਧੀ ਨੂੰ ਭਾਗ ਕਹਿੰਦੇ ਹਨ। ਭਾਗ ਦਾ ਚਿੰਨ੍ਹ "÷" ਹੁੰਦਾ ਹੈ।

# ਵਰਕਸ਼ੀਟ

1. ਜੋੜੋ ਅਤੇ ਗੁਣਾ ਦੇ ਰੂਪ ਵਿੱਚ ਲਿਖੋ।

2 + 2 + 2 + 2 + 2 + 2 = ................ਵਾਰ............

3 + 3 + 3 + 3 = ................ਵਾਰ............

4 + 4 + 4 + 4 + 4 = ................ਵਾਰ............

2. ਗੁਣਾ ਦੇ ਰੂਪ ਵਿੱਚ ਲਿਖੋ।

5 ਵਾਰ 2 = ☐ × ☐

4 ਵਾਰ 3 = ☐ × ☐

3 ਵਾਰ 4 = ☐ × ☐

6 ਵਾਰ 2 = ☐ × ☐

3. 2-2 ਦੇ ਸਮੂਹ ਬਣਾਓ ਅਤੇ ਦੱਸੋ ਕਿੰਨੇ ਸਮੂਹ ਬਣੇ ?

 ☐

 ☐

 ☐

4. ਦਿੱਤੇ ਗੁਬਾਰਿਆਂ ਨੂੰ ਦੋ ਵਿਦਿਆਰਥੀਆਂ ਵਿੱਚ ਬਰਾਬਰ-ਬਰਾਬਰ ਵੰਡੋ:



 ☐

 ☐



## ਯਾਦ ਰੱਖਣ ਯੋਗ

* ਗੁਣਾ ਦਾ ਚਿੰਨ 'x'
* ਭਾਗ ਦਾ ਚਿੰਨ੍ਹ '÷'



# 4 ਧਨ (ਕਰੰਸੀ)

## ਉਦੇਸ਼

1. ਰੋਜ਼ਾਨਾ ਜ਼ਿੰਦਗੀ ਵਿੱਚ ਵਰਤੇ ਜਾਣ ਵਾਲੇ ਧਨ (ਕਰੰਸੀ) ਦੀ ਪਹਿਚਾਣ ਕਰਵਾਉਣਾ-ਨੋਟ ਅਤੇ ਸਿੱਕੇ।
2. ਧਨ ਦੀ ਰਾਸ਼ੀ ਨੂੰ ਇਕੱਠਾ ਕਰਨਾ।
3. 3-4 ਨੋਟਾਂ ਨੂੰ ਵਰਤ ਕੇ ਕਿਸੇ ਰਾਸ਼ੀ ਦਾ ਕਾਰ ਵਿਹਾਰ ਕਰਨਾ।

### ਕੀ ਤੁਹਾਨੂੰ ਯਾਦ ਹੈ ?

**ਨੋਟਾਂ ਅਤੇ ਸਿੱਕਿਆਂ ਦਾ ਮੁੱਲ**



= ₹ ______



= ₹ ______

**ਦਿੱਤੇ ਮੁੱਲ ਅਨੁਸਾਰ ਸਿੱਕੇ ਬਣਾਓ**

| ₹25 | ₹30 |
|---|---|
| | |

## ਜਾਣ ਪਹਿਚਾਣ








ਦੁਕਾਨ ਤੋਂ ਸਮਾਨ ਲੈਣ ਲਈ ਹਰ ਵਾਰ ਦੁਕਾਨਦਾਰ ਨੂੰ ਰੁਪਏ ਦੇਣੇ ਪੈਂਦੇ ਹਨ।

ਇਸਦਾ ਮਤਲਬ ਸਾਨੂੰ ਕੋਈ ਵੀ ਵਸਤੂ ਖਰੀਦਣ ਲਈ ਰੁਪਇਆਂ ਦੀ ਲੋੜ ਹੁੰਦੀ ਹੈ।



**ਕੀ ਤੁਹਾਨੂੰ ਪਤਾ ਹੈ ਕਿ ਰੁਪਏ ਲਈ ਚਿੰਨ੍ਹ ₹ ਲਿਖਿਆ ਜਾਂਦਾ ਹੈ?**

**ਆਓ ਕਰੀਏ**



ਅਮਨ, ਖੁਸ਼ਪ੍ਰੀਤ, ਹਰਜੋਤ ਬਜ਼ਾਰ ਗਏ।

| ਅਮਨ ਨੇ ਕਾਪੀ ਖਰੀਦੀ। | ਖੁਸ਼ਪ੍ਰੀਤ ਨੇ ਪੈੱਨ ਖਰੀਦਿਆ। | ਹਰਜੋਤ ਨੇ ਕਿਤਾਬ ਖਰੀਦੀ। |
|---|---|---|
|  |  |  |
|  |  |  |

**ਦੁਕਾਨਦਾਰ ਨੂੰ ਕਿੰਨੇ ₹ ਦਿੱਤੇ ?**

ਅਮਨ ਨੇ ਕਾਪੀ ਦੇ ₹........... ਦੁਕਾਨਦਾਰ ਨੂੰ ਦਿੱਤੇ।

ਖੁਸ਼ਪ੍ਰੀਤ ਨੇ ਪੈੱਨ ਦੇ ₹............ ਦੁਕਾਨਦਾਰ ਨੂੰ ਦਿੱਤੇ।

ਹਰਜੋਤ ਨੇ ਕਿਤਾਬ ਦੇ ₹.............. ਦੁਕਾਨਦਾਰ ਨੂੰ ਦਿੱਤੇ।

## ਆਓ ਸਿੱਖੀਏ

### ਸਿੱਕੇ ਬਣਾਉਣੇ

₹1 ਦੇ 5 ਸਿੱਕੇ =



₹2 ਦੇ 5 ਸਿੱਕੇ =



## ਆਓ ਕਰੀਏ

₹5 ਦੇ 4 ਸਿੱਕੇ ਬਣਾਓ =

₹5 ਦੇ 2 ਸਿੱਕੇ ਬਣਾਓ =

₹10 ਦੇ 2 ਸਿੱਕੇ ਬਣਾਓ =

₹10 ਦੇ 5 ਸਿੱਕੇ ਬਣਾਓ =



## ਆਓ ਸਿੱਖੀਏ



**ਵੱਖ-ਵੱਖ ਦਿੱਤੇ ਸਿੱਕਿਆਂ ਨਾਲ ਮਾਲਾ ਬਣਾਓ ਅਤੇ ਮਾਲਾ ਵਿੱਚ ਲੱਗੇ ਸਿੱਕਿਆਂ ਦਾ ਮੁੱਲ ਦੱਸੋ।**



ਮਾਲਾ ਵਿੱਚ ਲੱਗੇ ₹1 ਦੇ ਸਿੱਕਿਆਂ ਦੀ ਗਿਣਤੀ = 10

ਮਾਲਾ ਦਾ ਮੁੱਲ = ₹1 × 10 = ₹10

---

## ਆਓ ਕਰੀਏ



**ਮਰਜ਼ੀ ਮੁਤਾਬਿਕ ਸਿੱਕੇ ਬਣਾਓ**



ਮਾਲਾ ਵਿੱਚ ਲੱਗੇ ₹2 ਦੇ ਸਿੱਕਿਆਂ ਦੀ ਗਿਣਤੀ = ____________

ਮਾਲਾ ਦਾ ਮੁੱਲ = ____________



ਮਾਲਾ ਵਿੱਚ ਲੱਗੇ ₹5 ਦੇ ਸਿੱਕਿਆਂ ਦੀ ਗਿਣਤੀ = ____________

ਮਾਲਾ ਦਾ ਮੁੱਲ = ____________



## ਆਓ ਸਿੱਖੀਏ

### ਦਿੱਤੇ ਮੁੱਲ ਦੇ ਬਰਾਬਰ ਨੋਟ/ਸਿੱਕੇ ਬਣਾਓ।

| | |
|---|---|
|  ₹ 25 |   |
|  ₹ 25 |    |

## ਆਓ ਕਰੀਏ



| | |
|---|---|
|  ₹ 40 | |
|  ₹ 65 | |
|  ₹ 12 | |

**ਅਧਿਆਪਕ ਸੰਕੇਤ**

ਅਧਿਆਪਕ ਦਿੱਤੀਆਂ ਵਸਤੂਆਂ ਦੇ ਮੁੱਲ ਨੂੰ ਵੱਖ-ਵੱਖ ਤਰੀਕੇ ਨਾਲ ਬਣਾਉਣ ਲਈ ਪ੍ਰੇਰਿਤ ਕਰੇ।

## ਆਓ ਸਿੱਖੀਏ

### ਘੱਟ ਮੁੱਲ ਵਾਲੇ ਸਿੱਕਿਆਂ ਬਦਲੇ ਵੱਧ ਮੁੱਲ ਵਾਲੇ ਕਰੰਸੀ ਨੋਟ/ਸਿੱਕੇ ਲੈਣਾ





## ਪ੍ਰਯੋਗੀ ਕਿਰਿਆ



ਹੁਣ ਕਾਗਜ਼ ਨੂੰ ਕੱਟ ਕੇ ਕੁੱਝ ਨੋਟ ਬਣਾਓ ਅਤੇ ਹਰੇਕ ਨੋਟ ਉੱਤੇ ਉਸਦਾ ਮੁੱਲ ਲਿਖੋ ਅਤੇ ਇੱਥੇ ਚਿਪਕਾਓ।



## ਆਓ ਸਿੱਖੀਏ

### ਵੱਧ ਮੁੱਲ ਵਾਲੇ ਨੋਟਾਂ ਬਦਲੇ ਘੱਟ ਮੁੱਲ ਵਾਲੇ ਨੋਟ/ਸਿੱਕੇ ਲੈਣਾ

| | |
|---|---|
|  |  |
|  |  |
|  |  |
|  |  |
|  |  |
|  |  |

## ਆਓ ਕਰੀਏ



### ₹100 ਬਦਲੇ ₹10-10 ਦੇ ਨੋਟ ਬਣਾਓ




### ₹50 ਬਦਲੇ ₹10-10 ਦੇ ਸਿੱਕੇ ਬਣਾਓ




### ₹20 ਬਦਲੇ ₹5-5 ਦੇ ਨੋਟ ਬਣਾਓ



### ₹10 ਬਦਲੇ ₹2-2 ਦੇ ਸਿੱਕੇ ਬਣਾਓ



### ₹10, ₹5, ₹2 ਅਤੇ ₹1 ਦੇ ਸਿੱਕਿਆਂ ਤੋਂ ₹20 ਬਣਾਓ





## ਆਓ ਸਿੱਖੀਏ

**ਵੱਧ ਧਨ ਮੁੱਲ ਵਾਲੇ ਦੇ ਹੇਠਾਂ ਠੀਕ (✓) ਦਾ ਨਿਸ਼ਾਨ ਲਗਾਓ**



## ਆਓ ਕਰੀਏ





## ਵਸਤੂਆਂ ਦੇ ਦਿੱਤੇ ਮੁੱਲ ਅਨੁਸਾਰ ਖਰੀਦੀਆਂ ਵਸਤੂਆਂ ਦਾ ਮੁੱਲ ਲਿਖੋ—






ਸੇਬ + ਟਾਫ਼ੀ

₹ 5 + ₹ 2 = ₹ 7

ਚਾਕਲੇਟ + ਰਬੜ

₹ 20 + ₹ 2 = ₹ 22

### ਆਓ ਕਰੀਏ



ਟਾਫ਼ੀ + ਰਬੜ

₹ ___ + ₹ ___ = ₹ ___

ਟਾਫ਼ੀ + ਪੈੱਨ

₹ ___ + ₹ ___ = ₹ ___

ਪੈੱਨ + ਪੈਨਸਿਲ

₹ ___ + ₹ ___ = ₹ ___

ਚਾਕਲੇਟ + ਪੈਨਸਿਲ

₹ ___ + ₹ ___ = ₹ ___

ਪੈੱਨ + ਚਾਕਲੇਟ

₹ ___ + ₹ ___ = ₹ ___

ਚਿਪਸ + ਰਬੜ

₹ ___ + ₹ ___ = ₹ ___

ਚਿਪਸ + ਕਾਪੀ

₹ ___ + ₹ ___ = ₹ ___

ਸੇਬ + ਪੈਨਸਿਲ

₹ ___ + ₹ ___ = ₹ ___

## ਆਓ ਸਿੱਖੀਏ

### ਸਿੱਕਿਆਂ ਦਾ ਜੋੜ




## ਆਓ ਕਰੀਏ



# ਵਰਕਸ਼ੀਟ

1. ਗਿਣੋ ਤੇ ਲਿਖੋ।



=



=

2. ਵੱਧ ਧਨ ਵਾਲੇ ਖਾਨੇ ਵਿੱਚ ਠੀਕ ( ✓ ) ਦਾ ਨਿਸ਼ਾਨ ਲਗਾਓ।









3. ਸਹੀ ਸਿੱਕਿਆਂ ’ਤੇ ਠੀਕ ਦਾ ਨਿਸ਼ਾਨ ਲਗਾਓ।

2 ਸਿੱਕਿਆਂ ਦਾ ਜੋੜ 7 ਰੁਪਏ



2 ਸਿੱਕਿਆਂ ਦਾ ਜੋੜ 15 ਰੁਪਏ



4. ਸਿਮਰਨ ਨੇ ਦੁਕਾਨਦਾਰ ਤੋਂ ਹੇਠਾਂ ਚਿੱਤਰਾਂ ਅਨੁਸਾਰ ਵੱਖ-ਵੱਖ ਵਸਤੂਆਂ ਖਰੀਦੀਆਂ। ਉਸ ਕੋਲ ਚਿੱਤਰ ਅਨੁਸਾਰ ਰੁਪਏ ਸਨ। ਵਸਤੂਆਂ ਖਰੀਦਣ ਤੋਂ ਬਾਅਦ ਬਚੇ ਰੁਪਏ ਦੱਸੋ।




ਖਰਚੇ = ₹ 2




ਬਚੇ = ...........

ਖਰਚੇ = ₹ 5




ਬਚੇ = ...........

ਖਰਚੇ = ₹10




ਬਚੇ = ...........

ਖਰਚੇ = ₹7




ਬਚੇ = ...........

ਖਰਚੇ = ₹ 25




ਬਚੇ = ...........

ਖਰਚੇ = ₹ 100




ਬਚੇ = ...........

5. ਪੁੱਛੇ ਸਵਾਲਾਂ ਅਨੁਸਾਰ ਜਵਾਬ ਲਿਖੋ।



ਪਰੀ







ਗੁਰਫ਼ਤਹਿ ਸਿੰਘ

* ਪਰੀ ਕੋਲ ਕਿੰਨੇ ਰੁਪਏ ਹਨ? ___________

* ਗੁਰਫ਼ਤਹਿ ਸਿੰਘ ਕੋਲ ਕਿੰਨੇ ਰੁਪਏ ਹਨ? ___________

* ਕਿਸਦੇ ਕੋਲ ਵੱਧ ਰੁਪਏ ਹਨ? ___________

* ਕਿੰਨੇ ਰੁਪਏ ਵੱਧ ਹਨ? ___________

6. ਵੱਡੇ ਨੋਟਾਂ ਬਦਲੇ ਛੋਟੇ ਨੋਟ/ਸਿੱਕੇ ਬਣਾਓ।

| | |
|---|---|
|  | |
|  | |
|  | |

7. ਦਿੱਤੇ ਧਨ ਅਨੁਸਾਰ ਨੋਟ/ਸਿੱਕੇ ਬਣਾਓ।

| | |
|---|---|
| ₹ 47 | |
| ₹ 28 | |

## ਪ੍ਰਯੋਗੀ ਕਿਰਿਆ



**ਗੱਤੇ ਅਤੇ ਕਾਗਜ਼ ਨਾਲ ਸਿੱਕੇ ਅਤੇ ਨੋਟ ਤਿਆਰ ਕਰਨਾ।**

**ਸਮੱਗਰੀ — ਗੱਤਾ, ਕਾਗਜ਼, ਸਿੱਕੇ, ਪੈਨਸਿਲਾਂ।**

**ਵਿਧੀ-**

1. ਸਿੱਕੇ ਨੂੰ ਕਾਗਜ਼ ਦੇ ਥੱਲੇ ਰੱਖੋ।
2. ਕਾਗਜ਼ ਨੂੰ ਖਿੱਚ ਕੇ ਫੜੋ।
3. ਪੈਨਸਿਲ ਜਾਂ ਰੰਗ ਨੂੰ ਸਿੱਕੇ ਦੇ ਉੱਪਰ ਕਾਗਜ਼ 'ਤੇ ਘਿਸਾਓ।
4. ਹੌਲੀ-ਹੌਲੀ ਸਿੱਕੇ ਦੀ ਛਾਪ ਕਾਗਜ਼ ਦੇ ਉੱਪਰ ਆ ਜਾਵੇਗੀ।
5. ਛਪੇ ਹੋਏ ਕਾਗਜ਼ ਦੇ ਸਿੱਕੇ ਨੂੰ ਕੱਟ ਲਓ ਅਤੇ ਗੱਤੇ ਉੱਪਰ ਚਿਪਕਾ ਕੇ ਉਸ ਨੂੰ ਸਿੱਕੇ ਦੇ ਅਕਾਰ ਦਾ ਕੱਟ ਲਓ।




**ਕਾਗਜ਼ ਦੇ ਕਰੰਸੀ ਨੋਟ ਵੀ ਆਇਤਾਕਾਰ ਕਾਗਜ਼ ਕੱਟ ਕੇ, ਰੰਗਾਂ ਦੀ ਵਰਤੋਂ ਨਾਲ ਬੱਚਿਆ ਤੋਂ ਤਿਆਰ ਕਰਵਾਉਣਾ।**






### ਅਧਿਆਪਕ ਸੰਕੇਤ

ਬੱਚਿਆਂ ਨੂੰ ਦੁਕਾਨਦਾਰ ਅਤੇ ਗ੍ਰਾਹਕ ਬਣਾ ਕੇ ਸਟੇਸ਼ਨਰੀ, ਫਲਾਂ, ਖਿਡੌਨਿਆਂ ਦੀਆਂ ਦੁਕਾਨਾਂ 'ਤੇ ਸਮਾਨ ਵੇਚਣ ਅਤੇ ਖਰੀਦਣ ਲਈ ਪ੍ਰੇਰਿਤ ਕਰਨਾ ਅਤੇ ਬੱਚੇ ਸਮਾਨ ਖਰੀਦਣ ਲਈ ਆਪਣੇ ਬਣਾਏ ਸਿੱਕਿਆਂ ਅਤੇ ਕਰੰਸੀ ਨੋਟਾਂ ਦੀ ਵਰਤੋਂ ਕਰਨਗੇ।

ਇੱਕ ਰੁਪਏ ਤੋਂ ਵੱਧ ਨੇ ਦੋ
ਪੰਜ, ਦੋ ਤੋਂ ਵੱਧ ਨੇ ਜੀ,
ਪੰਜ-ਪੰਜ ਜੁੜ ਪੂਰੇ ਬਣਦੇ ਦਸ
ਦਸ-ਦਸ ਜੁੜ ਪੂਰੇ ਵੀਹ
ਵੀਹ ਤੋਂ ਵੱਧ ਪੰਜਾਹ ਹੁੰਦੇ
ਦੱਸੋ ਇਸ ਵਿਚ ਜੁੜਦਾ ਕੀ?
ਪੰਜਾਹ-ਪੰਜਾਹ ਜੁੜ ਪੂਰੇ ਬਣਦੇ ਸੌ
ਇਹ ਗੱਲ ਸਹੀ ਹੈ ਜੀ।





## ਯਾਦ ਰੱਖਣ ਯੋਗ

ਧਨ (ਕਰੰਸੀ) ਵਿੱਚ ਰੁਪਏ ਅਤੇ ਪੈਸੇ ਹੁੰਦੇ ਹਨ।

## ਅਸੀਂ ਜੋ ਸਿੱਖਿਆ

ਧਨ (ਕਰੰਸੀ)

- ਨੋਟਾਂ ਅਤੇ ਸਿੱਕਿਆਂ ਦੀ ਪਹਿਚਾਣ
  - ਛੋਟੀਆਂ ਰਾਸ਼ੀਆਂ ਦਾ ਦਿਮਾਗੀ ਜੋੜ, ਤੁਲਨਾ
- ਵੱਡੀ ਕਰੰਸੀ ਬਦਲੇ ਛੋਟੀ ਕਰੰਸੀ ਗਿਣਨਾ
- ਨੋਟਾਂ/ਸਿੱਕਿਆਂ ਨੂੰ ਵਰਤ ਕੇ ਕਾਰ-ਵਿਹਾਰ

# 5 ਆਕ੍ਰਿਤੀਆਂ

## ਉਦੇਸ਼

1. ਆਪਣੇ ਆਲੇ-ਦੁਆਲੇ ਵਿੱਚੋਂ ਵੱਖ-ਵੱਖ ਵਸਤੂਆਂ ਦੀ ਪਹਿਚਾਣ ਕਰਨ ਅਤੇ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਵਰਗੀਕਰਨ ਦੇ ਯੋਗ ਹੋ ਸਕਣ।
2. ਚੱਕਰ, ਵਰਗ, ਆਇਤ ਅਤੇ ਤ੍ਰਿਭੁਜ ਨੂੰ ਉਨ੍ਹਾਂ ਦੇ ਨਾਮ ਅਨੁਸਾਰ ਜਾਣ ਸਕਣ।
3. ਘਣ, ਘਣਾਵ, ਬੇਲਣ, ਸ਼ੰਕੂ ਅਤੇ ਗੋਲੇ ਦੀ ਉਹਨਾਂ ਦੇ ਨਾਮ ਅਨੁਸਾਰ ਪਹਿਚਾਣ ਕਰ ਸਕਣ।
4. ਰੇਖਾ ਦੀ ਪਹਿਚਾਣ ਕਰਨ ਦੇ ਯੋਗ ਹੋਣ।
5. ਵੱਖ-ਵੱਖ ਰੇਖਾਵਾਂ ਨੂੰ ਬਨਾਉਣਾ ਅਤੇ ਫਰਕ ਕਰਨਾ ਜਾਣ ਸਕਣ।
6. ਵਸਤੂਆਂ ਨੂੰ ਉਹਨਾਂ ਦੇ ਪਰਛਾਵਿਆਂ ਤੋਂ ਪਹਿਚਾਣ ਸਕਣ।

### ਕੀ ਤੁਹਾਨੂੰ ਯਾਦ ਹੈ ?

1. ਹੇਠਾਂ ਦਿੱਤੀਆਂ ਆਕ੍ਰਿਤੀਆਂ ਵਿਚੋ ਤਿੰਨ ਕੋਣੀ, ਚਾਰ ਕੋਣੀ ਅਤੇ ਚੱਕਰਾਕਾਰ ਵਸਤੂਆਂ ਚੁਣੋ:- ਤਿੰਨ ਕੋਣੀ 'ਤੇ ਚਿੰਨ੍ਹ (✓) ਅਤੇ ਚਾਰ ਕੋਣੀ ਉੱਪਰ ਚਿੰਨ੍ਹ (×) ਅਤੇ ਚੱਕਰਾਕਾਰ ਤੇ ਚੱਕਰ (○) ਦਾ ਨਿਸ਼ਾਨ ਲਗਾਓ-








2. **ਇੱਕੋ ਜਿਹੀਆਂ ਆਕ੍ਰਿਤੀਆਂ ਨੂੰ ਚੁਣੋ ਅਤੇ ਉਹਨਾਂ ਦੀ ਗਿਣਤੀ ਕਰਕੇ ਹੇਠਾਂ ਦਿੱਤੀ ਗਈ ਤਸਵੀਰ ਦੇ ਸਾਹਮਣੇ ਬਣੇ ਸਥਾਨ ਵਿੱਚ ਲਿਖੋ-**






**ਗਤੀਵਿਧੀ**

**ਦੋ ਪਸਾਰੀ ਆਕ੍ਰਿਤੀਆਂ ਦੀ ਪਹਿਚਾਣ ਅਤੇ ਗੁਣਾਂ ਦਾ ਗਿਆਨ**

ਅੱਜ ਗੁਰਚਰਨ ਸਰ ਜਮਾਤ ਵਿੱਚ ਇੱਕ ਥੈਲਾ ਲੈ ਕੇ ਆਏ ਹਨ। ਸਭ ਵਿਦਿਆਰਥੀ ਬੜੀ ਬੇਸਬਰੀ ਨਾਲ ਥੈਲੇ ਵੱਲ ਵੇਖ ਕੇ ਸੋਚ ਰਹੇ ਹਨ ਕਿ ਇਸ ਥੈਲੇ ਵਿੱਚ ਕੀ ਹੈ?



ਗੁਰਚਰਨ ਸਰ ਨੇ ਥੈਲਾ ਮੇਜ 'ਤੇ ਰੱਖਿਆ ਅਤੇ ਕਿਹਾ ਕਿ ਅੱਜ ਅਸੀਂ ਆਕ੍ਰਿਤੀਆਂ ਦੀ ਖੇਡ ਖੇਡਾਂਗੇ। ਹਰੇਕ ਵਿਦਿਆਰਥੀ ਵਾਰੋ-ਵਾਰੀ ਅੱਖਾਂ ਬੰਦ ਕਰ ਕੇ ਥੈਲੇ ਵਿੱਚੋਂ ਇੱਕ ਵਸਤੂ ਕੱਢੇਗਾ ਅਤੇ ਛੂਹ ਕੇ ਇਸਦੇ ਬਾਰੇ ਦੱਸੇਗਾ।

ਪਹਿਲੀ ਵਾਰ ਜਸਵੀਰ ਆਈ, ਉਸਨੇ ਅੱਖਾਂ ਬੰਦ ਕੀਤੀਆਂ ਥੈਲੇ ਵਿੱਚ ਹੱਥ ਪਾਇਆ ਅਤੇ ਇੱਕ ਵਸਤੂ ਕੱਢੀ। ਉਸਨੇ ਸਾਰੇ ਪਾਸੇ ਛੂਹ ਕੇ ਦੇਖਿਆ ਅਤੇ ਕਿਹਾ ਇਸ ਦਾ ਕੋਈ ਕੋਨਾ ਨਹੀਂ ਹੈ ਇਹ ਤਾਂ ਚੱਕਰ ਹੈ। ਸੁਣ ਕੇ ਸਾਰੇ ਬੱਚਿਆਂ ਨੇ ਤਾੜੀਆਂ ਮਾਰੀਆਂ।

ਦੂਜੀ ਵਾਰ ਜੋਬਨ ਆਇਆ, ਉਸਨੇ ਥੈਲੇ ਵਿੱਚ ਹੱਥ ਪਾਇਆ। ਵਸਤੂ ਨੂੰ ਛੂਹ ਕੇ ਦੇਖਿਆ। ਇਸ ਦੇ ਤਿੰਨ ਕੋਨੇ ਹਨ। ਉਸਨੇ ਕਿਹਾ ਇਹ ਤਾਂ ਤਿੰਨ ਕੋਣੀ ਹੈ। ਸੁਣ ਕੇ ਬੱਚਿਆਂ ਨੇ ਫਿਰ ਤਾੜੀ ਮਾਰੀ। ਇਸੇ ਤਰ੍ਹਾਂ ਖੇਡ ਚਲਦੀ ਰਹੀ।

**ਅਧਿਆਪਕ ਸੰਕੇਤ**

ਅਧਿਆਪਕ ਕਾਰਡ ਬੋਰਡ ਜਾਂ ਲੱਕੜ ਦੇ ਵੱਖ-ਵੱਖ ਆਕਾਰ ਤਿਕੋਣ, ਵਰਗ, ਆਇਤ, ਚੱਕਰ ਕੱਟ ਕੇ ਉਹਨਾਂ ਨੂੰ ਥੈਲੇ ਵਿੱਚ ਪਾਵੇਗਾ ਅਤੇ ਇਹ ਗਤੀਵਿਧੀ ਕਰਵਾਏਗਾ।



## ਆਓ ਸਿੱਖੀਏ







| ਵਸਤੂ | ਆਕਾਰ | ਵਿਸ਼ੇਸਤਾ |
|---|---|---|
|  |  | ਇੱਕ ਤਿਕੋਣ ਦੀਆਂ 3 ਭੁਜਾਵਾਂ ਅਤੇ 3 ਕੋਨੇ ਹੁੰਦੇ ਹਨ। |
|  |  | ਇੱਕ ਵਰਗ ਦੀਆਂ 4 ਭੁਜਾਵਾਂ ਅਤੇ 4 ਕੋਨੇ ਹੁੰਦੇ ਹਨ। ਚਾਰੋਂ ਭੁਜਾਵਾਂ ਬਰਾਬਰ ਹੁੰਦੀਆਂ ਹਨ। |
|  |  | ਇੱਕ ਆਇਤ ਦੀਆਂ 4 ਭੁਜਾਵਾਂ ਅਤੇ 4 ਕੋਨੇ ਹੁੰਦੇ ਹਨ। ਸਾਹਮਣੇ ਵਾਲੀਆਂ ਭੁਜਾਵਾਂ ਬਰਾਬਰ ਹੁੰਦੀਆਂ ਹਨ। |
|  |  | ਇੱਕ ਚੱਕਰ ਦੀ ਕੋਈ ਭੁਜਾ ਨਹੀਂ ਹੁੰਦੀ ਅਤੇ ਨਾ ਹੀ ਕੋਈ ਕੋਨਾ ਹੁੰਦਾ ਹੈ। |

## ਆਓ ਕਰੀਏ



ਹਰੇਕ ਚਿੱਤਰ ਦੀਆਂ ਭੁਜਾਵਾਂ ਅਤੇ ਕੋਨਿਆਂ ਦੀ ਗਿਣਤੀ ਲਿਖੋ।

|  |  |  |  |
|---|---|---|---|
| ਭੁਜਾਵਾਂ ........ | ਭੁਜਾਵਾਂ ........ | ਭੁਜਾਵਾਂ ........ | ਭੁਜਾਵਾਂ ........ |
| ਕੋਨੇ ........ | ਕੋਨੇ ........ | ਕੋਨੇ ........ | ਕੋਨੇ ........ |

## ਰੋਜ਼ਾਨਾ ਜ਼ਿੰਦਗੀ ਵਿੱਚ ਆਕ੍ਰਿਤੀਆਂ ਬਾਰੇ ਜਾਣ ਪਹਿਚਾਣ

ਸੰਬੰਧਿਤ ਆਕ੍ਰਿਤੀ ਵਿੱਚ ਰੰਗ ਭਰਕੇ ਇਸ ਤਰ੍ਹਾਂ ਦਰਸਾਇਆ ਜਾਵੇ ਤਾਂ ਕਿ ਉਹ ਵਿਦਿਆਰਥੀਆਂ ਨੂੰ ਆਕ੍ਰਿਤੀ ਚੰਗੀ ਤਰ੍ਹਾਂ ਨਜ਼ਰ ਆਵੇ।




**ਅਧਿਆਪਕ ਸੰਕੇਤ**

ਅਧਿਆਪਕ ਬੱਚਿਆਂ ਨੂੰ ਵਰਗ ਅਤੇ ਆਇਤ ਦਾ ਅੰਤਰ ਸਮਝਾਵੇਗਾ। ਉਹਨਾਂ ਦੀਆਂ ਭੁਜਾਵਾਂ ਬਾਰੇ ਦੱਸੇਗਾ ਕਿ ਵਰਗ ਦੀਆਂ ਸਾਰੀਆਂ ਭੁਜਾਵਾਂ ਬਰਾਬਰ ਹਨ ਅਤੇ ਆਇਤ ਦੀਆਂ ਸਨਮੁੱਖ ਭੁਜਾਵਾਂ ਬਰਾਬਰ ਹਨ।

## ਵਕਰ ਅਤੇ ਸਿੱਧੀਆਂ ਰੇਖਾਵਾਂ

ਘਰ ਤੋਂ ਸਕੂਲ ਜਾਣ ਲਈ ਤੁਸੀਂ ਕਿਹੜੇ ਰਸਤੇ ਜਾਣਾ ਚਾਹੋਗੇ?

ਘਰ




ਸਕੂਲ

### ਸਿੱਧੀਆਂ ਰੇਖਾਵਾਂ

ਜੇਕਰ ਅਸੀਂ ਇੱਕ ਕਾਗਜ਼ ਨੂੰ ਮੋੜ ਕੇ ਕ੍ਰੀਜ ਬਣਾਉਂਦੇ ਹਾਂ ਤਾਂ ਉਸ ਕਾਗਜ਼ ਨੂੰ ਸਿੱਧਾ ਕਰਨ 'ਤੇ ਕ੍ਰੀਜ ਵਾਲੀ ਥਾਂ 'ਤੇ ਸਾਨੂੰ ਸਿੱਧੀ ਰੇਖਾ ਮਿਲਦੀ ਹੈ।



ਇਸੇ ਤਰਾਂ ਜਦੋਂ ਅਸੀਂ ਇਕ ਧਾਗੇ ਨੂੰ ਦੋਨੋਂ ਪਾਸੇ ਤੋਂ ਫੜਕੇ ਚੰਗੀ ਤਰ੍ਹਾਂ ਖਿੱਚਾਂਗੇ ਤਾਂ ਸਾਨੂੰ ਧਾਗਾ ਸਿੱਧੀ ਰੇਖਾ ਦੇ ਰੂਪ ਵਿੱਚ ਮਿਲਦਾ ਹੈ।



ਸਿੱਧੀਆਂ ਰੇਖਾਵਾਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ।




## ਵਕਰ ਰੇਖਾਵਾਂ :

ਜੇ ਅਸੀਂ ਕਿਸੇ ਰੱਸੀ ਨੂੰ ਆਪਣੇ ਹੱਥਾਂ ਨਾਲ ਢਿੱਲਾ ਪਕੜਦੇ ਹਾਂ ਤਾਂ ਸਾਨੂੰ ਰੱਸੀ ਵਕਰ ਰੇਖਾ ਦੇ ਰੂਪ ਵਿੱਚ ਮਿਲਦੀ ਹੈ।



## ਰੇਖਾਵਾਂ ਨੂੰ ਬਣਾਉਣਾ :

ਅਸੀਂ ਰੇਖਾਵਾਂ ਨੂੰ ਫੁੱਟੇ ਨਾਲ ਜਾਂ ਕਿਸੇ ਸਿੱਧੇ ਕਿਨਾਰੇ ਜਿਵੇਂ ਕਾਪੀ ਦਾ ਕਿਨਾਰਾ, ਜੁਮੈਟਰੀ ਦਾ ਕਿਨਾਰਾ ਆਦਿ ਨਾਲ ਬਣਾ ਸਕਦੇ ਹਾਂ।





ਤਿਰਛੀਆਂ ਰੇਖਾਵਾਂ : ................

ਵਕਰ ਰੇਖਾਵਾਂ : ........................

ਲੇਟਵੀਆਂ ਰੇਖਾਵਾਂ : ..................

ਖੜ੍ਹਵੀਆਂ ਰੇਖਾਵਾਂ : ..................

ਅਧਿਆਪਕ ਸਿੱਧੀਆਂ ਅਤੇ ਵਕਰ ਰੇਖਾਵਾਂ ਕਾਪੀ ਤੇ ਬਣਵਾਉਣ ਤੋਂ ਪਹਿਲਾਂ ਬਲੈਕ ਬੋਰਡ ਜਾਂ ਮਿੱਟੀ 'ਤੇ ਬਣਾ ਕੇ ਦਿਖਾਵੇਗਾ।

## ਗਤਿਵਿਧੀ

ਅਧਿਆਪਕ- ਕਾਗਜ਼ ਦੀਆਂ ਤਹਿਆਂ ਮੋੜ ਕੇ ਲੇਟਵੀਂ/ਖੜ੍ਹਵੀਂ ਅਤੇ ਤਿਰਛੀ ਰੇਖਾ ਸਪੱਸ਼ਟ ਕਰੇਗਾ ਵਰਗਾਕਾਰ ਕਾਗਜ਼ ਲਓ। ਇਸਨੂੰ ਤਿਰਛਾ ਮੋੜੋ। ਹੁਣ ਸਿੱਧਾ ਕਰੋ। ਕਾਗਜ਼ ਉੱਪਰ ਜੋ ਤਹਿ ਬਣੀ ਹੈ। ਇਹ ਤਿਰਛੀ ਰੇਖਾ ਦਾ ਰੂਪ ਹੈ।

ਹੁਣ ਇੱਕ ਹੋਰ ਆਕਾਰ ਦਾ ਕਾਗਜ਼ ਲਓ। ਇਸਨੂੰ ਵਿਚਕਾਰੋਂ ਮੋੜੋ। ਕਾਗਜ ਨੂੰ ਖੋਲ੍ਹੋ ਇਸ ਉੱਪਰ ਜੋ ਤਹਿ ਬਣੀ ਹੈ, ਉਹ ਲੇਟਵੀਂ ਰੇਖਾ ਦਾ ਰੂਪ ਹੈ।




## ਗਤਿਵਿਧੀ

### ਠੋਸ ਆਕ੍ਰਿਤੀਆਂ (ਤਿੰਨ ਪਸਾਰੀ ਆਕ੍ਰਿਤੀਆਂ)

| ਖੱਬੇ ਹੱਥ ਵਿੱਚ | ਸੱਜੇ ਹੱਥ ਵਿੱਚ |
|---|---|
|  ਚਾਕ ਦਾ ਡੱਬਾ |  ਰੁਮਾਲ |
|  ਇੱਟ |  ਚਾਰਟ ਪੇਪਰ |
|  ਗੇਂਦ |  ਰੋਟੀ |
|  ਕੋਨ |  ਹੈਂਗਰ |

131

**ਅਧਿਆਪਕ ਸੰਕੇਤ**

ਅਧਿਆਪਕ ਵਿਦਿਆਰਥੀਆਂ ਨੂੰ ਅਲੱਗ-ਅਲੱਗ ਵਸਤੂਆਂ ਆਪਣੇ ਸੱਜੇ ਅਤੇ ਖੱਬੇ ਹੱਥ ਵਿਚ ਲੈ ਕੇ ਦੇਖਣ ਲਈ ਕਹੇਗਾ ਅਤੇ ਫਰਕ ਕਰਨ ਲਈ ਕਹੇਗਾ।

## ਆਓ ਕਰੀਏ



1. ਹੇਠ ਦਿੱਤੀਆਂ ਆਕ੍ਰਿਤੀਆਂ ਵਿੱਚੋਂ ਘਣ ਅਤੇ ਘਣਾਵ ਅਕਾਰ ਦੀਆਂ ਵਸਤੂਆਂ ਦੀ ਚੋਣ ਕਰੋ ਅਤੇ ਉਸਦੇ ਹੇਠਾਂ ਉਹਨਾਂ ਦੇ ਨਾਂ ਲਿਖੋ।











2. ਹੇਠਾਂ ਦਿੱਤੀਆਂ ਆਕ੍ਰਿਤੀਆਂ ਦੀ ਪਹਿਚਾਣ ਕਰੋ ਅਤੇ ਉਹਨਾਂ ਦੇ ਨਾਂ ਲਿਖੋ।



















# ਫ਼ਲਕ, ਕਿਨਾਰੇ ਅਤੇ ਸਿਖ਼ਰ (ਕੋਨੇ)










| ਠੋਸ ਆਕ੍ਰਿਤੀ ਦਾ ਨਾਂ | ਠੋਸ ਆਕ੍ਰਿਤੀ | ਤਲ | ਕਿਨਾਰੇ | ਸਿਖਰ |
|---|---|---|---|---|
| ਘਣ |  | 6 | 12 | 8 |
| ਘਣਾਵ |  | 6 | 12 | 8 |
| ਗੋਲਾ |  | 1 | 0 | 0 |
| ਸ਼ੰਕੂ |  | 2 | 1 | 1 |
| ਸਿਲੰਡਰ |  | 3 | 2 | 0 |

## ਠੋਸ ਆਕ੍ਰਿਤੀਆਂ ਤੋਂ ਇੱਕ ਤਲ ਵਾਲੀਆਂ ਆਕ੍ਰਿਤੀਆਂ ਕਾਗਜ਼ 'ਤੇ ਬਣਾਉਣੀਆਂ

ਅਸੀਂ ਠੋਸ ਆਕ੍ਰਿਤੀਆਂ ਤੋਂ ਇੱਕ ਤਲ ਵਾਲੀਆਂ ਆਕ੍ਰਿਤੀਆਂ ਦੇ ਆਕਾਰ ਕਾਗਜ਼ ਤੇ ਬਣਾ ਸਕਦੇ ਹਾਂ। ਜਿਵੇਂ ਅਸੀਂ ਕਾਪੀ ਤੋਂ ਆਇਤ ਆਕਾਰ ਬਣਾ ਸਕਦੇ ਹਾਂ। ਇਸੇ ਤਰ੍ਹਾਂ ਚਾਕ ਦੇ ਡੱਬੇ ਤੋਂ ਵਰਗ ਬਣਾਇਆ ਜਾ ਸਕਦਾ ਹੈ।





















## ਪਰਛਾਵਿਆਂ ਦਾ ਨਿਰਮਾਣ

ਕੀ ਤੁਸੀਂ ਪਰਛਾਵਾਂ ਦੇਖਿਆ ਹੈ? ਜਦੋਂ ਅਸੀਂ ਸੂਰਜ ਵੱਲ ਪਿੱਠ ਕਰਕੇ ਖੜ੍ਹਦੇ ਹਾਂ ਤਾਂ ਦੇਖਦੇ ਹਾਂ ਕਿ ਤੁਹਾਡੀ ਆਕ੍ਰਿਤੀ ਤੁਹਾਡੇ ਅੱਗੇ ਬਣ ਜਾਂਦੀ ਹੈ। ਇਹ ਪਰਛਾਵਾਂ ਹੈ। ਇਸੇ ਤਰ੍ਹਾਂ ਵੱਖ-ਵੱਖ ਵਸਤੂਆਂ ਦਾ ਪਰਛਾਵਾਂ ਉਹਨਾਂ ਦੇ ਸਾਹਮਣੇ ਬਣ ਜਾਂਦਾ ਹੈ।



ਕੀ ਤੁਸੀਂ ਵੱਖ-ਵੱਖ ਆਕ੍ਰਿਤੀਆਂ ਦੇ ਪਰਛਾਵਿਆਂ ਦੀ ਪਹਿਚਾਣ ਕਰ ਸਕਦੇ ਹੋ? ਹੇਠਾਂ ਦਿੱਤੀਆਂ ਵਸਤੂਆਂ ਨੂੰ ਉਹਨਾਂ ਦੇ ਪਰਛਾਵਿਆਂ ਨਾਲ ਮਿਲਾਓ।

 

 

 

 

ਆਓ ਕਰੀਏ



# ਲਟਕਣ ਬਣਾਓ

ਵਿਦਿਆਰਥੀ ਅਧਿਆਪਕ ਦੀ ਮਦਦ ਨਾਲ ਗੱਤੇ ਦੀਆਂ ਆਕ੍ਰਿਤੀਆਂ ਕੱਟਣਗੇ ਅਤੇ ਇਹਨਾਂ ਨੂੰ ਰੰਗਦਾਰ ਪੇਪਰ ਨਾਲ ਸਜਾਉਣਗੇ। ਫਿਰ ਮੋਟੇ ਧਾਰੇ ਦੀ ਮਦਦ ਨਾਲ ਇਹਨਾਂ ਨੂੰ ਆਪਸ ਵਿੱਚ ਜੋੜ ਕੇ ਲਟਕਣ ਬਣਾਉਣਗੇ।



# ਵਰਕਸ਼ੀਟ

**(ੳ) ਖਾਲੀ ਥਾਵਾਂ ਭਰੋ**

1. ਜੇਕਰ ਕਿਸੇ ਆਕ੍ਰਿਤੀ ਦੇ ਸਾਰੇ ਤਲ ਬਰਾਬਰ ਹੋਣ ਤਾਂ ਉਹ ਆਕ੍ਰਿਤੀ .......... ਆਕਾਰ ਦੀ ਹੁੰਦੀ ਹੈ। (ਘਣ/ਘਣਾਵ)
2. ਜਿਸ ਆਕ੍ਰਿਤੀ ਦਾ ਕੋਈ ਸਿੱਧਾ ਤਲ ਨਹੀ ਹੁੰਦਾ ਸਿਰਫ ਗੋਲ ਤਲ ਹੁੰਦਾ ਹੈ ਤਾਂ ਉਹ ....... ਆਕਾਰ ਦੀ ਹੁੰਦੀ ਹੈ। (ਗੋਲਾ, ਘਣ)
3. ਚੱਕਰ ਦੀ ਕੋਈ ...........ਰੇਖਾ ਨਹੀਂ ਹੁੰਦੀ। (ਸਿੱਧੀ/ਵਕਰ)
4. ਤਿਕੋਣ ਦੇ...........ਕੋਨੇ ਹੁੰਦੇ ਹਨ। (ਤਿੰਨ/ਚਾਰ)

**(ਅ) ਮਿਲਾਣ ਕਰੋ ਅਤੇ ਸੰਕੇਤ ਅਨੁਸਾਰ ਰੰਗ ਭਰੋ**



6 ਸਿੱਧੇ ਤਲ, ਸਾਰੇ ਤਲ ਬਰਾਬਰ। (ਹਰਾ ਰੰਗ)



ਇੱਕ ਵਕਰ ਤਲ, ਕੋਈ ਕਿਨਾਰਾ ਨਹੀਂ। (ਨੀਲਾ ਰੰਗ)



ਇੱਕ ਸਿੱਧਾ ਤਲ, ਇੱਕ ਵਕਰ ਤਲ, ਇੱਕ ਕੋਨਾ। (ਲਾਲ ਰੰਗ)



6 ਸਿੱਧੇ ਤਲ, ਸਾਰੇ ਤਲ ਬਰਾਬਰ ਨਹੀਂ। (ਪੀਲਾ ਰੰਗ)

**ਸੋਚੋ ਅਤੇ ਲਿਖੋ**



ਮੇਰੀਆਂ ਰੇਖਾਵਾਂ ......................

ਮੇਰੇ ਕੋਨੇ ......................

ਮੇਰਾ ਨਾਮ ......................

ਮੇਰੀਆਂ ਰੇਖਾਵਾਂ ......................

ਮੇਰੇ ਕੋਨੇ ......................

ਮੇਰਾ ਨਾਮ ......................





ਮੇਰੀਆਂ ਰੇਖਾਵਾਂ ......................

ਮੇਰੇ ਕੋਨੇ ......................

ਮੇਰਾ ਨਾਮ ......................

ਮੇਰੀਆਂ ਰੇਖਾਵਾਂ ......................

ਮੇਰੇ ਕੋਨੇ ......................

ਮੇਰਾ ਨਾਮ ......................



## ਅਸੀਂ ਜੋ ਸਿੱਖਿਆ

**ਆਕ੍ਰਿਤੀਆਂ**

- ਲੇਟਵੀਆਂ, ਖੜਵੀਆਂ ਤਿਰਛੀਆਂ, ਵਕਰ ਰੇਖਾਵਾਂ ਦੀ ਸਮਝ
- ਦੋ ਪਸਾਰੀ ਆਕ੍ਰਿਤੀਆਂ ਦੀ ਸਮਝ
- ਤਿੰਨ ਪਸਾਰੀ ਆਕ੍ਰਿਤੀਆਂ ਦੀ ਪਹਿਚਾਣ

ਪਰਛਾਵਿਆਂ ਤੋਂ ਪਹਿਚਾਣ

# 6 ਨਮੂਨੇ

## ਉਦੇਸ਼

1. ਬੱਚਿਆਂ ਨੂੰ ਨਮੂਨੇ (pattern) ਦੇ ਸੰਕਲਪ ਬਾਰੇ ਵਿਸਥਾਰ ਪੂਰਵਕ ਸਮਝਾਇਆ ਜਾਵੇਗਾ ਅਤੇ ਅੱਗੇ ਵਧਾਇਆ ਜਾਵੇਗਾ।
2. ਅਕ੍ਰਿਤੀਆਂ ਅਤੇ ਸੰਖਿਆਵਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਜੋੜ-ਤੋੜ ਕੇ ਪੈਟਰਨ ਲੱਭਣਾ ਸਿਖਾਇਆ ਜਾਵੇਗਾ।
3. ਸੰਖਿਆਵਾਂ ਦੇ ਨਮੂਨੇ ਨੂੰ ਦੇਖਦੇ ਹੋਏ ਅੱਗੇ ਵੱਧਣਾ ਸਿਖਾਇਆ ਜਾਵੇਗਾ।

## ਗਤੀਵਿਧੀ

ਅਧਿਆਪਕ ਪਿਛਲੀ ਜਮਾਤ ਦੇ ਨਮੂਨਿਆਂ ਦੀ ਤਰਤੀਬ ਨੂੰ ਅੱਗੇ ਵਧਾਉਂਦੇ ਹੋਏ ਅਤੇ ਬੱਚਿਆਂ ਨੂੰ ਆਪਣੇ ਆਲੇ-ਦੁਆਲੇ ਨਾਲ ਜੋੜਦੇ ਹੋਏ ਨਮੂਨਿਆਂ ਬਾਰੇ ਵਿਸਥਾਰਪੂਰਵਕ ਦੱਸੇਗਾ। ਬੱਚਿਆਂ ਨੂੰ ਨਮੂਨੇ ਬਣਾਉਣ ਲਈ ਪ੍ਰੇਰਿਤ ਕਰੇਗਾ। ਉਦਾਹਰਨ ਦੇ ਤੌਰ ਤੇ ਜਮਾਤ ਵਿੱਚੋਂ ਕੁੜੀਆਂ-ਮੁੰਡਿਆਂ ਨੂੰ ਇੱਕ-ਇੱਕ ਕਰਕੇ ਬੁਲਾਉਂਦੇ ਹੋਏ ਹੇਠਾਂ ਬਣੇ ਨਮੂਨੇ ਬਣਾਏਗਾ।


ਮੁੰਡਾ


ਕੁੜੀ

ਨਮੂਨਾ-1



ਮੁੰਡਾ ਕੁੜੀ ਮੁੰਡਾ ਕੁੜੀ ਮੁੰਡਾ ਕੁੜੀ

ਨਮੂਨਾ-2



ਕੁੜੀ ਕੁੜੀ ਮੁੰਡਾ ਕੁੜੀ ਕੁੜੀ ਮੁੰਡਾ

ਨਮੂਨਾ-3



ਮੁੰਡਾ ਮੁੰਡਾ ਕੁੜੀ ਮੁੰਡਾ ਮੁੰਡਾ ਕੁੜੀ ਮੁੰਡਾ ਮੁੰਡਾ

## ਗਤੀਵਿਧੀ



ਕਿਤਾਬ



ਪੈਨਸਿਲ

ਅਧਿਆਪਕ ਕਿਤਾਬਾਂ ਅਤੇ ਪੈਨਸਿਲਾਂ ਦੀ ਸਹਾਇਤਾ ਦੇ ਨਾਲ ਵੀ ਨਮੂਨੇ (Pattern) ਬਣਾ ਕੇ ਦਿਖਾਵੇਗਾ।

### ਨਮੂਨਾ-1



### ਨਮੂਨਾ-2



### ਨਮੂਨਾ-3



### ਅਧਿਆਪਕ ਸੰਕੇਤ

ਇਸੇ ਪ੍ਰਕਾਰ ਹੀ ਬੱਚਿਆਂ ਨੂੰ ਪੈਨਸਿਲ, ਰਬੜ, ਸ਼ਾਰਪਨਰ, ਕਿਤਾਬਾਂ ਆਦਿ ਦੀ ਸਹਾਇਤਾ ਨਾਲ ਨਮੂਨੇ ਬਣਾਉਣ ਲਈ ਪ੍ਰੇਰਿਤ ਕਰੇਗਾ।

## ਆਓ ਕਰੀਏ



**1. ਸਮਾਨ ਆਕਾਰ ਅਤੇ ਆਕ੍ਰਿਤੀ ਵਾਲੇ ਚਿੱਤਰ 'ਤੇ ਚੱਕਰ ਲਗਾਓ।**



2. ਨਮੂਨਿਆਂ ਨੂੰ ਧਿਆਨ ਨਾਲ ਦੇਖੋ ਅਤੇ ਖਾਲੀ ਖਾਨੇ ਭਰੋ।

(a)



(b)



(c)



(d)



(e)



(f)



(g)



(h)



3. ਨਮੂਨੇ ਨੂੰ ਦੇਖਦੇ ਹੋਏ ਸੰਖਿਆਵਾਂ ਪੂਰੀਆਂ ਕਰੋ-






4. ਆਓ ਹੁਣ ਅਸੀਂ ਸੰਖਿਆਵਾਂ ਵਾਲੇ ਕੁਝ ਨਮੂਨੇ ਦੇਖੀਏ। ਹਰੇਕ ਨਮੂਨੇ ਵਿੱਚ ਖਾਲੀ ਸਥਾਨ 'ਤੇ ਸਹੀ ਸੰਖਿਆ ਭਰੀਏ।

| | | | | | | |
|---|---|---|---|---|---|---|
| (a) | 2 | 4 | 6 | | 10 | |
| (b) | 3 | 6 | | 12 | | 18 |
| (c) | 5 | 10 | 15 | | 25 | |
| (d) | 10 | | 30 | 40 | | 60 |
| (e) | 11 | 21 | 31 | | | 61 |
| (f) | 9 | 19 | | 39 | | 59 |
| (g) | 11 | 22 | 33 | | | 66 |

5. ਬਸੰਤ ਦੇ ਮੌਕੇ 'ਤੇ ਪਤੰਗ ਉਡਾਉਣ ਦੀ ਪ੍ਰਤੀਯੋਗਿਤਾ ਹੋ ਰਹੀ ਹੈ। ਬੱਚੇ ਪਤੰਗ ਉਡਾ ਰਹੇ ਹਨ। ਉਨ੍ਹਾਂ ਦੇ ਪਤੰਗਾਂ 'ਤੇ ਲਿਖੀਆਂ ਸੰਖਿਆਵਾਂ ਦੇ ਨਮੂਨੇ ਨੂੰ ਦੇਖਦੇ ਹੋਏ ਸੰਖਿਆਵਾਂ ਨੂੰ ਪੂਰਾ ਕਰੋ।




6. ਧਿਆਨ ਨਾਲ ਦੇਖੋ ਅਤੇ ਅਗਲੇ ਖਾਲੀ ਖਾਨੇ ਭਰੋ

| | | | | | | | | |
|---|---|---|---|---|---|---|---|---|
| a | 1 | 2 | 1 | 2 | 1 | | | |

| | | | | | | | | |
|---|---|---|---|---|---|---|---|---|
| b | 1 | 3 | 5 | 7 | | | 13 | |

| | | | | | | | | |
|---|---|---|---|---|---|---|---|---|
| c | A | B | C | D | E | | | |
| d | 20 | 30 | 40 | 50 | | | 80 | |
| e | 22 | 24 | 26 | 28 | 30 | | | |
| f | AB | CD | EF | GH | | | MN | |
| g | 1 | 4 | 7 | | 13 | | 19 | |

| | | | | | | | |
|---|---|---|---|---|---|---|---|
| h | 19 | 18 | 17 | 16 | | | |
| i | 35 | 30 | 25 | 20 | | | |
| j | 75 | 65 | 55 | 45 | | | |



ਵੇਖੇ ਜੀ ਨਮੂਨੇ ਕਿੰਨੇ ਸੋਹਣੇ ਲੱਗਦੇ,
ਸਿੱਧੇ, ਪੁੱਠੇ, ਲੇਟੇ, ਖੜੇ ਮਨ ਲੱਗਦੇ।
ਅੰਕਾਂ ਉੱਤੇ ਜਾਵਾਂ ਜਦੋਂ ਭੱਜ-ਭੱਜ ਜੀ,
ਖਾਲੀ ਖਾਨੇ ਭਰਾਂ ਫੇਰ ਰੱਜ-ਰੱਜ ਜੀ।

# ਅਸੀਂ ਜੋ ਸਿੱਖਿਆ

ਨਮੂਨੇ

- ਆਕ੍ਰਿਤੀਆਂ ਦੇ ਨਮੂਨਿਆਂ ਦੀ ਸਮਝ।
- ਸੰਖਿਆਵਾਂ ਦੇ ਨਮੂਨਿਆਂ ਦੀ ਸਮਝ
  - ਸੰਖਿਆਵਾਂ ਦੇ ਨਮੂਨਿਆਂ ਨੂੰ ਅੱਗੇ ਵਧਾਉਣਾ।

# 7 ਮਾਪ

## ਉਦੇਸ਼

* ਰੋਜ਼ਾਨਾ ਜ਼ਿੰਦਗੀ ਨਾਲ ਸਬੰਧਿਤ ਵਸਤੂਆਂ ਦੇ ਭੌਤਿਕ ਗੁਣਾ ਦੇ ਅਧਾਰ 'ਤੇ ਸਮਝ ਵਿਕਸਿਤ ਕਰਨੀ।
* ਲੰਬਾਈ, ਭਾਰ, ਸਮਰੱਥਾ ਦੀਆਂ ਅਣਮਿਆਰੀ ਇਕਾਈਆਂ (Non-Standard units) ਤੋਂ ਜਾਣੂੰ ਕਰਵਾਉਣਾ ਅਤੇ ਤੁਲਨਾ ਕਰਨਾ।
* ਤਰਕ ਸ਼ਕਤੀ ਵਿਕਸਿਤ ਕਰਨੀ।

**ਕੀ ਤੁਹਾਨੂੰ ਯਾਦ ਹੈ ?**

ਪਿਆਰੇ ਬੱਚਿਓ, ਆਓ ਅਸੀਂ ਹੁਣ ਪਹਿਲੀ ਜਮਾਤ ਵਿੱਚ ਕੀਤੀਆਂ ਮਾਪ ਦੀਆਂ ਇਕਾਈਆਂ ਦੀ ਦੁਹਰਾਈ ਕਰਦੇ ਹਾਂ।

**ਕ੍ਰਮ ਵਿੱਚ ਸੋਚੋ**

**1. ਲੰਬਾਈ ਵਿੱਚ ਛੋਟੇ ਤੋਂ ਵੱਡੇ ਤੱਕ 1 ਤੋਂ 3 ਲਿਖੋ।**



**2. ਹਲਕੇ ਤੋਂ ਭਾਰੀ 1 ਤੋਂ 3 ਲਿਖੋ।**



# ਜਾਣ-ਪਹਿਚਾਣ




**ਅਧਿਆਪਕ ਸੰਕੇਤ**

ਬੱਚੇ ਬਲੈਕ ਬੋਰਡ ਦੀ ਲੰਬਾਈ ਆਪਣੀਆਂ ਗਿੱਠਾਂ ਨਾਲ ਮਾਪਕੇ ਅਧਿਆਪਕ ਨੂੰ ਦੱਸਣਗੇ।

## ਗਤੀਵਿਧੀ

ਹਰਮਨ ਨੇ ਬਗੀਚੇ ਵਿੱਚ ਖੇਡਣ ਜਾਣਾ ਹੈ। ਉਸਦੀ ਰਸਤਾ ਲੱਭਣ ਵਿੱਚ ਮਦਦ ਕਰੋ। ਬਗੀਚੇ ਵਿੱਚ ਜਾਣ ਦੇ ਦੋ ਰਸਤੇ ਹਨ। ਕਿਹੜਾ ਰਸਤਾ ਛੋਟਾ ਹੈ ? ਜੇ ਹਰਮਨ ਛੋਟੇ ਰਸਤੇ ਰਾਹੀਂ ਬਗੀਚੇ ਵਿੱਚ ਜਾਵੇਗਾ ਤਾਂ ਉਹ ਕਿੰਨੇ ਕਦਮ ਚੱਲੇਗਾ ?



## ਆਓ ਸਿੱਖੀਏ

## ਗਤੀਵਿਧੀ









## ਆਓ ਕਰੀਏ



1. ਤੁਹਾਡੀ ਪੈਨਸਿਲ ਦੀ ਲੰਬਾਈ ............. ਮਾਚਿਸ ਦੀਆਂ ਤੀਲੀਆਂ ਦੇ ਬਰਾਬਰ ਹੈ।
2. ਤੁਹਾਡੀ ਕਿਤਾਬ ਦੀ ਲੰਬਾਈ ................ ਉਂਗਲਾਂ ਦੇ ਬਰਾਬਰ ਹੈ।
3. ਤੁਹਾਡੇ ਕਮਰੇ ਦੀ ਲੰਬਾਈ ............... ਕਦਮਾਂ ਦੇ ਬਰਾਬਰ ਹੈ।
4. ਤੁਹਾਡੇ ਸ਼ਾਪਨਰ ਦੀ ਲੰਬਾਈ ਤੁਹਾਡੀਆਂ .............. ਉਂਗਲਾਂ ਦੇ ਬਰਾਬਰ ਹੈ।
5. ਤੁਹਾਡੇ ਸਕੂਲ ਦੇ ਵਰਾਂਡੇ ਦੀ ਲੰਬਾਈ, ਤੁਹਾਡੇ .............. ਕਦਮਾਂ ਦੇ ਬਰਾਬਰ ਹੈ।
6. ਤੁਹਾਡੇ ਮੇਜ਼ ਦੀ ਲੰਬਾਈ, ਤੁਹਾਡੀਆਂ ............... ਗਿੱਠਾਂ ਦੇ ਬਰਾਬਰ ਹੈ।
7. ਤੁਹਾਡੀ ਜਮਾਤ ਦੀ ਖਿੜਕੀ, .......... ਪੈਨਸਿਲਾਂ ਜਿੰਨੀ ਲੰਬੀ ਹੈ।

ਰੰਗ ਭਰੋ ਜੇ ਤੁਹਾਡੇ ਸਾਰੇ ਉੱਤਰ ਠੀਕ ਹਨ।



ਗਿੱਠ, ਕਦਮ, ਉਂਗਲੀਆਂ, ਸ਼ਾਪਨਰ ਅਤੇ ਮਾਚਿਸ ਦੀਆਂ ਤੀਲੀਆਂ ਆਦਿ ਲੰਬਾਈ ਮਾਪਣ ਦੀਆਂ ਅਣਮਿਆਰੀ ਇਕਾਈਆਂ (Non-Standard Units) ਹਨ।

## ਕੌਣ ਪਹਿਲਾਂ ਦੱਸੇਗਾ ?

1. ਇੱਕ ਮੇਜ਼ ਦੀ ਲੰਬਾਈ 6 ਗਿੱਠਾਂ ਹੈ। ਦੂਜੇ ਮੇਜ਼ ਦੀ ਲੰਬਾਈ 8 ਗਿੱਠਾਂ ਹੈ। ਜੇ ਦੋਹਾਂ ਮੇਜਾਂ ਨੂੰ ਜੋੜ ਦਿੱਤਾ ਜਾਵੇ ਤਾਂ ਲੰਬਾਈ ਕਿੰਨੀਆਂ ਗਿੱਠਾਂ ਹੋਵੇਗੀ?
2. ਕਾਜਲ ਦਾ ਰਿਬਨ 8 ਸ਼ਾਪਨਰ ਜਿੰਨਾ ਲੰਬਾ ਹੈ ਅਤੇ ਮਮਤਾ ਦਾ ਰਿਬਨ 12 ਸ਼ਾਪਨਰ ਜਿੰਨਾ ਲੰਬਾ ਹੈ। ਦੋਵਾਂ ਰਿਬਨਾਂ ਦੀ ਕੁਲ ਲੰਬਾਈ ਪਤਾ ਕਰੋ।
3. ਕਿਤਾਬ ਦੀ ਲੰਬਾਈ 12 ਉਂਗਲਾਂ ਹੈ ਅਤੇ ਕਾਪੀ ਦੀ ਲੰਬਾਈ 10 ਉਂਗਲਾਂ ਦੇ ਬਰਾਬਰ ਹੈ। ਕਿਸ ਦੀ ਲੰਬਾਈ ਵੱਧ ਹੈ? ਅਤੇ ਕਿੰਨੀਆਂ ਉਂਗਲਾਂ ਵੱਧ ਹੈ?
4. ਮੇਜ਼ ਦੀ ਲੰਬਾਈ 10 ਗਿੱਠਾਂ ਹੈ, ਬਲੈਕ ਬੋਰਡ ਦੀ ਲੰਬਾਈ 20 ਗਿੱਠਾਂ ਦੇ ਬਰਾਬਰ ਹੈ। ਕਿਸ ਦੀ ਲੰਬਾਈ ਘੱਟ ਹੈ ਅਤੇ ਕਿੰਨੀਆਂ ਗਿੱਠਾਂ ਘੱਟ ਹੈ?
5. ਤੁਹਾਡੇ ਘਰ ਤੋਂ ਤੁਹਾਡਾ ਸਕੂਲ 30 ਕਦਮ ਦੂਰੀ 'ਤੇ ਹੈ। ਤੁਸੀਂ 25 ਕਦਮ ਚੱਲ ਚੁੱਕੇ ਹੋ। ਤੁਸੀਂ ਹੋਰ ਕਿੰਨੇ ਕਦਮ ਚੱਲੋਗੇ?

## ਠੀਕ (✓) , ਜਾਂ ਗਲਤ (×) ਲਗਾਓ

a. ਅਸੀਂ ਕਮਰੇ ਦੀ ਲੰਬਾਈ ਨੂੰ ਉਂਗਲੀਆਂ ਨਾਲ ਬੜੀ ਅਸਾਨੀ ਨਾਲ ਮਾਪ ਸਕਦੇ ਹਾਂ। ☐

b. ਸਕੂਲ ਗੇਟ ਤੋਂ ਜਮਾਤ ਦੇ ਕਮਰੇ ਤੱਕ ਦੀ ਲੰਬਾਈ ਨੂੰ ਪੈਰਾਂ ਨਾਲ ਮਾਪ ਸਕਦੇ ਹਾਂ। ☐

c. ਅਸੀਂ ਦਰਵਾਜੇ ਦੀ ਲੰਬਾਈ ਮਾਚਿਸ ਦੀਆਂ ਤੀਲੀਆਂ ਨਾਲ ਮਾਪ ਸਕਦੇ ਹਾਂ। ☐

d. ਅਸੀਂ ਬਲੈਕ ਬੋਰਡ ਦੀ ਲੰਬਾਈ ਗਿੱਠਾਂ ਨਾਲ ਮਾਪ ਸਕਦੇ ਹਾਂ। ☐

e. ਪੁਰਾਣੇ ਸਮਿਆਂ ਵਿੱਚ ਲੰਬਾਈ ਮਾਪਣ ਲਈ ਸਰੀਰ ਦੇ ਅੰਗਾਂ ਦੀ ਵਰਤੋਂ ਕੀਤੀ ਜਾਂਦੀ ਸੀ। ☐

# ਆਓ ਖੇਡੀਏ


ਪਿਆਰੇ ਬੱਚਿਓ ਅਸੀਂ ਪਿਛਲੀ ਜਮਾਤ ਵਿੱਚ ਭਾਰੀ-ਹਲਕੇ ਬਾਰੇ ਕੁੱਝ ਜਾਣਿਆ ਸੀ। ਆਓ ਅਸੀਂ ਇਸ ਬਾਰੇ ਹੋਰ ਜਾਣੀਏ।
ਹਰਜੀਤ
ਮਨਜੋਤ
ਅਮਨ
ਆ ਮਨਜੋਤ, ਸੀ-ਸਾ 'ਤੇ ਝੂਟੇ ਲਈਏ !
ਲੈ ਆ ਗਿਆ !
ਪਰ ਇਹ ਕੀ ? ਝੂਟੇ ਤਾਂ ਮਿਲ ਹੀ ਨਹੀਂ ਰਹੇ !
ਮੈਨੂੰ ਲੱਗਦਾ ਤੂੰ ਮੇਰੇ ਤੋਂ ਜ਼ਿਆਦਾ ਭਾਰੀ ਹੈ, ਹਰਜੀਤ।
ਮਨਜੋਤ, ਅਮਨ ਨੂੰ ਬੁਲਾ ਲੈ ਅਤੇ ਆਪਣੇ ਨਾਲ ਬਿਠਾ ਲੈ।
ਹਾ ਹਾ ਹਾ ! ਹੁਣ ਸਾਡਾ ਪਾਸਾ ਭਾਰੀ ਹੋ ਗਿਆ
ਹੁਣ ਕੀ ਕਰੀਏ???
ਬੱਚਿਓ, ਕੀ ਤੁਸੀਂ ਇਹਨਾਂ ਦੀ ਮਦਦ ਕਰ ਸਕਦੇ ਹੋ? ਤਾਂ ਕਿ ਉਹ ਸੀ-ਸਾ 'ਤੇ ਝੂਲੇ ਲੈ ਸਕਣ।

## ਆਓ ਕਰੀਏ



1. ਭਾਰੀ ਵਸਤੂ ਵਾਲੇ ਚਿੱਤਰ ਦੇ ਖਾਨੇ ਵਿੱਚ (✓) ਦਾ ਨਿਸ਼ਾਨ ਲਗਾਓ

 ☐  ☐

2. ਭਾਰ ਅਨੁਸਾਰ ਹਲਕੇ ਤੋਂ ਭਾਰੀ 1 ਤੋਂ 3 ਲਿਖੋ

 ☐  ☐  ☐



## ਆਓ ਸਿੱਖੀਏ

### ਗਤੀਵਿਧੀ - 3






ਦੇਖੋ ਬੱਚਿਓ, ਅਨੁਮਾਨ ਨਾਲ ਸਹੀ ਮਾਪ ਨਹੀਂ ਪਤਾ ਲੱਗ ਸਕਦਾ ਭਾਰ ਤੋਲਣ ਲਈ ਤੱਕੜੀ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।




ਬੱਚਿਓ, ਤੱਕੜੀ ਦਾ ਭਾਰੀ ਪਲੜਾ ਹੇਠਾਂ ਝੁੱਕ ਜਾਂਦਾ ਹੈ ਆ ਦੇਖੋ
















**ਜ਼ਰਾ ਸੋਚੋ**



- ਤੁਹਾਡੀ ਕਿਤਾਬ ਦਾ ਭਾਰ 3 ਅਮਰੂਦਾਂ ਦੇ ਭਾਰ ਦੇ ਬਰਾਬਰ ਹੈ।
- ਤੁਹਾਡੀ ਕਾਪੀ ਦਾ ਭਾਰ ਉਹਨਾਂ ਵਿਚੋਂ 2 ਅਮਰੂਦਾਂ ਦੇ ਭਾਰ ਦੇ ਬਰਾਬਰ ਹੈ।
- ਇਸ ਲਈ ਕਿਤਾਬ, ਕਾਪੀ ਤੋਂ ........... ਹੈ। (ਹਲਕੀ, ਭਾਰੀ)
- ਕਾਪੀ, ਕਿਤਾਬ ਤੋਂ ............. ਹੈ। (ਭਾਰੀ, ਹਲਕੀ)



## ਆਓ ਕਰੀਏ



1. ਤੱਕੜੀ ਦਾ ਕਿਹੜਾ ਪਲੜਾ ਭਾਰੀ ਹੈ ਅਤੇ ਕਿਹੜਾ ਹਲਕਾ, ਲਿਖੋ



ਭਾਰੀ ________ ਹਲਕਾ ________



________ ________



________ ________



________ ________



________ ________




________ ________



________ ________

## ਜ਼ਰਾ ਸੋਚੋ

ਮਨਜੋਤ ਦੀ ਪਾਣੀ ਦੀ ਬੋਤਲ 6 ਕੇਲਿਆਂ ਦੇ ਭਾਰ ਦੇ ਬਰਾਬਰ ਹੈ।

ਸੁਨੀਤਾ ਦੀ ਪਾਣੀ ਦੀ ਬੋਤਲ ਉਸੇ ਤਰ੍ਹਾਂ ਦੇ 4 ਕੇਲਿਆਂ ਦੇ ਭਾਰ ਦੇ ਬਰਾਬਰ ਹੈ।

ਕਿਸ ਦੀ ਪਾਣੀ ਦੀ ਬੋਤਲ ਭਾਰੀ ਹੈ?

ਮਨਜੋਤ ਦੀ ☐     ਸੁਨੀਤਾ ਦੀ ☐

## 2. ਨੈਤਿਕ ਕਦਰਾਂ ਕੀਮਤਾਂ 'ਤੇ ਅਧਾਰਿਤ ਸਵਾਲ

ਤੁਹਾਡੇ ਮਾਤਾ ਜੀ ਅਤੇ ਤੁਸੀਂ ਬਜ਼ਾਰ ਰਾਸ਼ਨ ਲੈਣ ਗਏ। ਰਾਸ਼ਨ ਵਾਲਾ ਥੈਲਾ ਕਾਫ਼ੀ ਭਾਰੀ ਹੋ ਗਿਆ। ਹੁਣ ਤੁਸੀਂ ਕੀ ਕਰੋਗੇ?

1. ਥੈਲਾ ਤੁਸੀਂ ਇੱਕਲੇ ਚੁੱਕ ਲਵੋਗੇ? ☐
2. ਮਾਤਾ ਜੀ ਨੂੰ ਥੈਲਾ ਚੁੱਕਣ ਦੇਵੋਗੇ? ☐
3. ਥੈਲੇ ਵਿੱਚੋਂ ਕੁੱਝ ਸਮਾਨ ਵੱਖਰੇ ਲਿਫ਼ਾਫੇ 'ਚ ਪਵਾ ਕੇ ਤੁਸੀਂ ਦੋਵੇਂ ਅਲੱਗ-ਅਲੱਗ ਚੁੱਕ ਲਵੋਗੇ? ☐

**ਯਾਦ ਰੱਖੋ :-**

1. ਵੇਖਣ ਵਿੱਚ ਲੱਗ ਰਹੀ ਵੱਡੀ ਵਸਤੂ ਹਮੇਸ਼ਾ ਭਾਰੀ ਨਹੀਂ ਹੁੰਦੀ।



ਗੁਬਾਰਾ, ਸੇਬ ਤੋਂ ਵੱਡਾ ਹੈ।
ਹੱਥ ਵਿੱਚ ਫੜ ਕੇ ਦੇਖੋਗੇ ਤਾਂ ਸੇਬ ਭਾਰੀ ਹੋਵੇਗਾ ਅਤੇ ਗੁਬਾਰਾ ਹਲਕਾ।

## ਕੌਣ ਪਹਿਲਾਂ ਦੱਸੇਗਾ ?

1. 2 ਇੱਕੋ ਤਰ੍ਹਾਂ ਦੀਆਂ ਕਿਤਾਬਾਂ ਦਾ ਭਾਰ 6 ਸੇਬਾਂ ਦੇ ਭਾਰ ਦੇ ਬਰਾਬਰ ਹੈ।ਉਸੇ ਤਰਾਂ ਦੀ 1 ਕਿਤਾਬ ਦਾ ਭਾਰ ਕਿੰਨੇ ਸੇਬਾਂ ਦੇ ਭਾਰ ਦੇ ਬਰਾਬਰ ਹੋਵੇਗਾ ?
2. 6 ਇੱਕੋ ਜਿਹੇ ਬਿਸਕੁੱਟ ਦੇ ਪੈਕਟਾਂ ਦਾ ਭਾਰ 6 ਅੰਬਾਂ ਦੇ ਭਾਰ ਦੇ ਬਰਾਬਰ ਹੈ। 3 ਉਸੇ ਤਰ੍ਹਾਂ ਦੇ ਬਿਸਕੁੱਟ ਦੇ ਪੈਕਟਾਂ ਦਾ ਭਾਰ ਕਿੰਨੇ ਅੰਬਾਂ ਦੇ ਭਾਰ ਦੇ ਬਰਾਬਰ ਹੋਵੇਗਾ?
3. 2 ਇੱਕੋ ਜਿਹੀਆਂ ਜੂਸ ਦੀਆਂ ਬੋਤਲਾਂ ਦਾ ਭਾਰ 1 ਕੇਕ ਦੇ ਭਾਰ ਦੇ ਬਰਾਬਰ ਹੈ।ਅਜਿਹੀਆਂ 4 ਜੂਸ ਦੀਆਂ ਬੋਤਲਾਂ ਦਾ ਭਾਰ ਕਿੰਨੇ ਕੇਕਾਂ ਦੇ ਭਾਰ ਬਰਾਬਰ ਹੋਵੇਗਾ?
4. 5 ਇੱਕੋ ਜਿਹੇ ਸਮੋਸਿਆਂ ਦਾ ਭਾਰ 10 ਲੱਡੂਆਂ ਦੇ ਭਾਰ ਦੇ ਬਰਾਬਰ ਹੈ। ਅਜਿਹੇ 10 ਸਮੋਸਿਆਂ ਦਾ ਭਾਰ ਕਿੰਨੇ ਲੱਡੂਆਂ ਦੇ ਭਾਰ ਦੇ ਬਰਾਬਰ ਹੋਵੇਗਾ?

## ਰੋਜ਼ਾਨਾ ਜ਼ਿੰਦਗੀ ਨਾਲ ਸੰਬੰਧਿਤ ਵੱਧ-ਘੱਟ



ਬੱਚਿਓ, ਤੁਸੀਂ ਹਰ ਰੋਜ਼ ਕਿੰਨੇ ਗਲਾਸ ਪਾਣੀ ਪੀਂਦੇ ਹੋ?

ਪਿਆਰੇ ਬੱਚਿਓ, ਹੁਣ ਅਸੀਂ, ਕਿਹੜੇ ਬਰਤਨ ਵਿੱਚ, ਕਿੰਨੀ ਮਾਤਰਾ ਵਿੱਚ ਵਸਤੂ ਸਮਾ ਸਕਦੀ ਹੈ, ਉਸ ਬਾਰੇ ਗੱਲਬਾਤ ਕਰਾਂਗੇ।



4 ਗਲਾਸ

ਮਨਜੋਤ



2 ਗਲਾਸ

ਕਾਜਲ



3 ਗਲਾਸ

ਰਮਣੀਕ



ਸਭ ਤੋਂ ਵੱਧ ਪਾਣੀ ਕੌਣ ਪੀਂਦਾ ਹੈ ?

ਸਭ ਤੋਂ ਘੱਟ ਪਾਣੀ ਕੌਣ ਪੀਂਦਾ ਹੈ ?

__________ __________

ਕੀ ਤੁਸੀਂ ਦੱਸ ਸਕਦੇ ਹੋ ਕਿ ਕਿਹੜੇ ਗਿਲਾਸ ਵਿੱਚ ਪਾਣੀ ਵੱਧ ਹੈ ?

ਜੇ ਹਾਂ, ਤਾਂ ਵੱਧ ਪਾਣੀ ਵਾਲੇ ਗਿਲਾਸ ’ਤੇ ✓ ਲਗਾਓ।



☐ ☐

# ਵਰਕਸ਼ੀਟ

1. ਕਿਹੜੇ ਜੱਗ ਵਿੱਚ ਪਾਣੀ ਸਭ ਤੋਂ ਘੱਟ ਹੈ ? ✓ ਦਾ ਨਿਸ਼ਾਨ ਲਗਾਓ



2. ਕਿਹੜੀ ਬੋਤਲ ਵਿੱਚ ਪਾਣੀ ਸਭ ਤੋਂ ਵੱਧ ਹੈ ? ✓ ਦਾ ਨਿਸ਼ਾਨ ਲਗਾਓ



3. ਕਿਹੜੇ ਗਿਲਾਸ ਵਿੱਚ ਪਾਣੀ ਚਿੱਤਰ ਨੰ: 1 ਵਿਚਲੇ ਗਿਲਾਸ ਦੇ ਬਰਾਬਰ ਹੈ ? ✓ ਦਾ ਨਿਸ਼ਾਨ ਲਗਾਓ




4. ਕਿਹੜੇ ਕੱਪ ਵਿੱਚ ਆਇਸਕ੍ਰੀਮ ਚਿੱਤਰ ਨੰ: 2 ਵਿਚਲੇ ਕੱਪ ਬਰਾਬਰ ਹੈ ? ✓ ਦਾ ਨਿਸ਼ਾਨ ਲਗਾਓ



5. ਘੱਟ ਤੋਂ ਵੱਧ ਸਮਰੱਥਾ ਅਨੁਸਾਰ ਕ੍ਰਮ ਵਿੱਚ 1 ਤੋਂ 3 ਲਿਖੋ

















## 6. ਜ਼ਰਾ ਸੋਚੋ

1. ਇੱਕ ਜੱਗ 6 ਗਲਾਸ ਪਾਣੀ ਨਾਲ ਭਰ ਜਾਂਦਾ ਹੈ।





ਇੱਕ ਬੋਤਲ ਉਸੇ ਤਰ੍ਹਾਂ ਦੇ 3 ਗਲਾਸ ਪਾਣੀ ਨਾਲ ਭਰ ਜਾਂਦੀ ਹੈ।

............... ਦੀ ਧਾਰਨ ਸਮਰੱਥਾ (capacity) ............... ਤੋਂ ਜ਼ਿਆਦਾ ਹੈ।

2. ਇੱਕ ਬੋਤਲ ਦੀ ਧਾਰਨ ਸਮਰੱਥਾ 3 ਗਿਲਾਸ ਪਾਣੀ ਦੇ ਬਰਾਬਰ ਹੈ, ਤਾਂ:

(a) ਦੋ ਬੋਤਲਾਂ ਦੀ ਧਾਰਨ ਸਮਰੱਥਾ ..........ਗਿਲਾਸ ਪਾਣੀ ਦੇ ਬਰਾਬਰ ਹੋਵੇਗੀ।

(b) ਤਿੰਨ ਬੋਤਲਾਂ ਦੀ ਧਾਰਨ ਸਮਰੱਥਾ ..........ਗਿਲਾਸ ਪਾਣੀ ਦੇ ਬਰਾਬਰ ਹੋਵੇਗੀ।

(c) ਚਾਰ ਬੋਤਲਾਂ ਦੀ ਧਾਰਨ ਸਮਰੱਥਾ ..........ਗਿਲਾਸ ਪਾਣੀ ਦੇ ਬਰਾਬਰ ਹੋਵੇਗੀ।

(d) ਪੰਜ ਬੋਤਲਾਂ ਦੀ ਧਾਰਨ ਸਮਰੱਥਾ ..........ਗਿਲਾਸ ਪਾਣੀ ਦੇ ਬਰਾਬਰ ਹੋਵੇਗੀ।

(e) ਛੇ ਬੋਤਲਾਂ ਦੀ ਧਾਰਨ ਸਮਰੱਥਾ ...........ਗਿਲਾਸ ਪਾਣੀ ਦੇ ਬਰਾਬਰ ਹੋਵੇਗੀ।



ਰੰਗ ਭਰੋ ਜੇ ਤੁਹਾਡੇ ਸਾਰੇ ਉੱਤਰ ਠੀਕ ਹਨ

### ਗਤੀਵਿਧੀ

ਪਾਣੀ ਨੂੰ ਵੱਖ-ਵੱਖ ਅਕਾਰਾਂ ਦੇ ਬਰਤਨਾਂ ਵਿੱਚ ਪਾ ਕੇ ਦੇਖੋ!

ਤੁਸੀਂ ਦੇਖੋਗੇ! ਕਿ ਉਹ ਉਸੇ ਬਰਤਨ ਦਾ ਅਕਾਰ ਲੈ ਲਵੇਗਾ!!



## ਪ੍ਰਯੋਗੀ ਕਿਰਿਆ



**ਬੋਤਲ ਦੀ ਸਮਰੱਥਾ ਮਾਪਣਾ।**

**ਸਮੱਗਰੀ :-** ਬੋਤਲ, ਗਿਲਾਸ

**ਵਿਧੀ :-** ਸਾਰੇ ਬੱਚੇ ਆਪਣੇ-ਆਪਣੇ ਘਰ ਵਿੱਚੋਂ ਬੋਤਲਾਂ ਅਤੇ ਗਿਲਾਸ ਲੈ ਕੇ ਆਉਣਗੇ। ਅਧਿਆਪਕ ਸਾਰੇ ਬੱਚਿਆਂ ਨੂੰ ਗਿਲਾਸ ਨਾਲ ਬੋਤਲ ਭਰਨ ਲਈ ਕਹੇਗਾ। ਹਰ ਇੱਕ ਬੱਚਾ ਪਾਣੀ ਦਾ ਗਿਲਾਸ ਭਰ ਕੇ ਬੋਤਲ ਭਰੇਗਾ। ਅਧਿਆਪਕ ਵਿਦਿਆਰਥੀਆਂ ਨੂੰ ਪੁੱਛੇਗਾ ਕਿ ਤੁਹਾਡੀ ਬੋਤਲ ਕਿੰਨੇ ਗਿਲਾਸ ਪਾਣੀ ਨਾਲ ਭਰੀ ਹੈ? (ਬੱਚਿਆਂ ਦੇ ਉੱਤਰ ਵੱਖ-ਵੱਖ ਵੀ ਹੋ ਸਕਦੇ ਹਨ।)



ਬੋਤਲ



ਗਿਲਾਸ



# 8 ਸਮਾਂ

## ਉਦੇਸ਼

1. ਰੋਜ਼ਾਨਾ ਜਿੰਦਗੀ ਵਿੱਚ ਸਮੇਂ ਦੀ ਮਹੱਤਤਾ ਬਾਰੇ ਜਾਣਨਾ।
2. ਦਿਨਾਂ ਦੇ ਨਾਂ ਅਤੇ ਹਫ਼ਤਿਆਂ ਬਾਰੇ ਜਾਣਕਾਰੀ ਦੇਣੀ।
3. ਬੱਚਿਆਂ ਨੂੰ ਸਾਲ ਦੇ ਮਹੀਨਿਆਂ ਬਾਰੇ ਜਾਣਕਾਰੀ ਦੇਣੀ।
4. ਬੱਚਿਆਂ ਨੂੰ ਗਰਮੀ ਅਤੇ ਸਰਦੀ ਦੇ ਮੌਸਮ ਬਾਰੇ ਜਾਣਕਾਰੀ ਦੇਣੀ।
5. ਆਧੁਨਿਕ ਯੁੱਗ ਵਿੱਚ ਸਮੇਂ ਦੀ ਮਹੱਤਤਾ ਨੂੰ ਸਮਝਾਉਣਾ।

## ਕੀ ਤੁਹਾਨੂੰ ਯਾਦ ਹੈ ?

1. ਜਦੋਂ ਤੁਸੀਂ ਤਿਆਰ ਹੋ ਕੇ ਸਕੂਲ ਆਉਂਦੇ ਹੋ, ਉਦੋਂ ਕਿਹੜਾ ਸਮਾਂ ਹੁੰਦਾ ਹੈ? ☐
2. ਸੂਰਜ ਕਦੋਂ ਨਿਕਲਦਾ ਹੈ? ☐
3. ਸੂਰਜ ਬਿਲਕੁਲ ਸਾਡੇ ਸਿਰ ਉੱਪਰ ਕਦੋਂ ਆਉਂਦਾ ਹੈ? ☐
4. ਜਦੋਂ ਤੁਸੀਂ ਸਕੂਲੋਂ ਘਰ ਜਾ ਕੇ ਸਕੂਲ ਦਾ ਕੰਮ ਕਰਦੇ ਹੋ, ਉਦੋਂ ਕਿਹੜਾ ਸਮਾਂ ਹੁੰਦਾ ਹੈ? ☐
5. ਆਪਣੇ ਦੋਸਤਾਂ ਨਾਲ ਤੁਸੀਂ ਕਿਹੜੇ ਸਮੇਂ ਖੇਡਦੇ ਹੋ? ☐
6. ਤੁਹਾਡੀ ਦਾਦੀ ਮਾਂ ਤੁਹਾਨੂੰ ਬੁਝਾਰਤਾਂ ਜਾਂ ਕਹਾਣੀਆਂ ਕਦੋਂ ਸੁਣਾਉਂਦੀ ਹੈ? ☐
7. ਤੁਸੀਂ ਸਾਰਾ ਪਰਿਵਾਰ ਇਕੱਠੇ ਬੈਠ ਕੇ ਟੀ.ਵੀ ਕਦੋਂ ਦੇਖਦੇ ਹੋ? ☐
8. ਤੁਸੀਂ ਰਾਤ ਦਾ ਖਾਣਾ ਖਾਣ ਤੋਂ ਬਾਅਦ ਕਦੋਂ ਸੌਂਦੇ ਹੋ? ☐

9.



ਇਸ ਤਸਵੀਰ ਵਿੱਚ
ਕਿਹੜਾ ਸਮਾਂ ਦਿਖਾਈ ਦੇ ਰਿਹਾ ਹੈ।

10.

ਤਸਵੀਰ ਦੇਖ ਕੇ ਅੰਦਾਜ਼ਾ
ਲਗਾਓ ਇਹ ਕਿਹੜਾ ਸਮਾਂ ਹੈ?



11.



ਤਸਵੀਰ ਦੇਖ ਕੇ ਇਸ ਦੇ
ਹੇਠਾਂ ਲਿਖੋ ਇਹ ਕਿਹੜਾ ਵੇਲਾ ਹੈ?

12.

ਇਸ ਤਸਵੀਰ ਵਿੱਚ
ਤੁਹਾਨੂੰ ਕਿਹੜਾ ਸਮਾਂ ਦਿਸਦਾ ਹੈ?



13.

(a) ਤੁਸੀਂ ਸਕੂਲ ਕਦੋਂ ਜਾਂਦੇ ਹੋ?

(b) ਅੱਧੀ ਛੁੱਟੀ ਕਦੋਂ ਹੁੰਦੀ ਹੈ?

(c) ਸਾਰੀ ਛੁੱਟੀ ਕਦੋਂ ਹੁੰਦੀ ਹੈ?

(d) ਤੁਸੀਂ ਕਦੋਂ ਖੇਡਦੇ ਹੋ?

(e) ਤੁਸੀਂ ਟੀ.ਵੀ. ਕਦੋਂ ਦੇਖਦੇ ਹੋ?

(f) ਅਸੀਂ ਸੌਂਦੇ ਕਦੋਂ ਹਾਂ?

(g) ਅਸੀਂ ਸੁੱਤੇ ਕਦੋਂ ਉੱਠਦੇ ਹਾਂ?




## ਹਫ਼ਤੇ ਦੇ ਦਿਨ

ਬੱਚਿਓ ਹਫ਼ਤੇ ਵਿੱਚ ਸੱਤ ਦਿਨ ਹੁੰਦੇ ਹਨ। ਹਫ਼ਤੇ ਦਾ ਪਹਿਲਾ ਦਿਨ ਸੋਮਵਾਰ ਹੁੰਦਾ ਹੈ। ਹਫ਼ਤੇ ਦਾ ਪਹਿਲਾ ਕੰਮ ਦਾ ਦਿਨ ਹੁੰਦਾ ਹੈ ਅਤੇ ਹਫਤੇ ਦਾ ਆਖਰੀ ਦਿਨ ਐਤਵਾਰ ਛੁੱਟੀ ਦਾ ਦਿਨ ਹੁੰਦਾ ਹੈ।

| ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ | ਐਤਵਾਰ |
|---|---|---|---|---|---|---|
| ਪਹਿਲਾ ਦਿਨ | ਦੂਜਾ ਦਿਨ | ਤੀਜਾ ਦਿਨ | ਚੌਥਾ ਦਿਨ | ਪੰਜਵਾਂ ਦਿਨ | ਛੇਵਾਂ ਦਿਨ | ਸੱਤਵਾਂ ਦਿਨ |

ਹਫਤੇ ਦੇ ਦਿਨਾਂ ਦੀ ਇਹ ਕਵਿਤਾ ਬੱਚਿਆਂ ਨੂੰ ਜੁਬਾਨੀ ਯਾਦ ਕਰਵਾਈ ਜਾਵੇ।

ਸੋਮਵਾਰ ਸਕੂਲੇ ਚੱਲ,
ਮੰਗਲਵਾਰ ਵੀ ਆਉਣਾ ਕੱਲ।
ਬੁੱਧਵਾਰ ਦਾ ਵਧੀਆ ਦਿਨ
ਵੀਰਵਾਰ ਵੀ ਵਿੱਚੇ ਗਿਣ।
ਸ਼ੁੱਕਰਵਾਰ ਨੂੰ ਪੜ੍ਹੀਏ ਲਿਖੀਏ।
ਸ਼ਨੀਵਾਰ ਨੂੰ ਸੋਹਣੇ ਦਿਸੀਏ।
ਸੱਤਵਾਂ ਦਿਨ ਫਿਰ ਐਤਵਾਰ,
ਖੇਡ ਕੁੱਦ ਤੇ ਮੌਜਾਂ ਮਾਰ।

**ਆਓ ਕਰੀਏ** 

**ਹਫ਼ਤੇ ਦੇ ਦਿਨ ਬੱਚਿਆਂ ਕੋਲੋਂ ਪੁੱਛਣਾ**

1. ਹਫ਼ਤੇ ਵਿੱਚ ਛੁੱਟੀ ਦਾ ਦਿਨ ਕਿਹੜਾ ਹੁੰਦਾ ਹੈ?
2. ਹਫ਼ਤੇ ਦਾ ਪਹਿਲਾ ਕੰਮ ਵਾਲਾ ਦਿਨ ਕਿਹੜਾ ਹੁੰਦਾ ਹੈ?
3. ਹਫ਼ਤੇ ਵਿੱਚ ਕਿੰਨੇ ਦਿਨ ਹੁੰਦੇ ਹਨ?
4. ਹਫ਼ਤੇ ਦੇ ਕੋਈ ਦੋ ਦਿਨਾਂ ਦੇ ਨਾਂ ਦੱਸੋ।
5. ਤੁਹਾਨੂੰ ਸਭ ਤੋਂ ਵਧੀਆ ਕਿਹੜਾ ਦਿਨ ਲੱਗਦਾ ਹੈ?
6. ਮੰਗਲਵਾਰ ਤੋਂ ਪਹਿਲਾਂ ਵਾਲਾ ਦਿਨ ਕਿਹੜਾ ਹੁੰਦਾ ਹੈ?
7. ਵੀਰਵਾਰ ਤੋਂ ਬਾਅਦ ਕਿਹੜਾ ਦਿਨ ਹੁੰਦਾ ਹੈ?

**8. ਦਿਨਾਂ ਦੇ ਨਾਮ ਲਿਖੋ**

ਪਹਿਲਾ ______ ਤੀਜਾ ______

ਛੇਵਾਂ ______ ਸੱਤਵਾਂ ______

**9. (a) ਹੇਠਾਂ ਲਿਖੇ ਗਏ ਦਿਨ ਤੋਂ ਬਾਅਦ ਕਿਹੜਾ ਦਿਨ ਆਉਂਦਾ ਹੈ**

ਐਤਵਾਰ ______ ਮੰਗਲਵਾਰ ______

ਵੀਰਵਾਰ ______

**(b) ਦਿੱਤੇ ਹੋਏ ਦਿਨਾਂ ਦੇ ਹੇਠਾਂ ਲਿਖੋ ਕਿ ਉਹਨਾਂ ਤੋਂ ਪਹਿਲਾ ਦਿਨ ਕਿਹੜਾ ਹੁੰਦਾ ਹੈ**

______ ਸ਼ੁੱਕਰਵਾਰ ______ ਸੋਮਵਾਰ

______ ਸ਼ਨੀਵਾਰ

**(c) ਹੇਠਾਂ ਲਿਖੇ ਦਿਨਾਂ ਤੋਂ ਦੋ ਦਿਨ ਬਾਅਦ ਕਿਹੜਾ ਦਿਨ ਆਉਂਦਾ ਹੈ ਲਿਖੋ**

| ਮੰਗਲਵਾਰ | ਬੁੱਧਵਾਰ | ਐਤਵਾਰ |
|---|---|---|
| | | |

## ਕੈਲੰਡਰ

* ਕੈਲੰਡਰ ਸਾਨੂੰ ਦਿਨਾਂ, ਹਫ਼ਤਿਆਂ ਅਤੇ ਮਹੀਨਿਆਂ ਬਾਰੇ ਦੱਸਦਾ ਹੈ।
* ਮਿਤੀ ਮਹੀਨੇ ਦਾ ਇੱਕ ਵਿਸ਼ੇਸ਼ ਦਿਨ ਹੁੰਦੀ ਹੈ।
* ਕੈਲੰਡਰ ਸਾਨੂੰ ਇਹ ਦੱਸਣ ਵਿਚ ਮਦਦ ਕਰਦਾ ਹੈ ਕਿ ਕਿਹੜੀ ਮਿਤੀ ਨੂੰ ਕਿਹੜਾ ਦਿਨ ਆਉਂਦਾ ਹੈ।
* ਕੈਲੰਡਰ ਦੀ ਮਦਦ ਨਾਲ ਅਸੀਂ ਸਮੇਂ ਨੂੰ ਵੱਖਰੇ ਵੱਖਰੇ ਹਿੱਸਿਆਂ ਵਿੱਚ ਵੰਡ ਕੇ ਸਮੇਂ ਦੀ ਮਹੱਤਤਾ ਨੂੰ ਸਮਝਦੇ ਹਾਂ।
* ਕੈਲੰਡਰ ਦਿਨ, ਹਫ਼ਤੇ ਅਤੇ ਮਹੀਨਿਆਂ ਦੇ ਰੂਪ ਵਿਚ ਸਾਡੇ ਸਮੇਂ ਨੂੰ ਨਿਯਮਬੱਧ ਕਰਦਾ ਹੈ।

# 2018

**ਜਨਵਰੀ**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

**ਫਰਵਰੀ**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | | | |

**ਮਾਰਚ**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

**ਅਪਰੈਲ**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

**ਮਈ**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

**ਜੂਨ**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

**ਜੁਲਾਈ**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

**ਅਗਸਤ**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

**ਸਿਤੰਬਰ**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | | | | | | |

**ਅਕਤੂਬਰ**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

**ਨਵੰਬਰ**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

**ਦਸੰਬਰ**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

**ਯਾਦ ਰੱਖੋ ਕਿ**

- ਇੱਕ ਸਾਲ ਵਿੱਚ 12 ਮਹੀਨੇ ਹੁੰਦੇ ਹਨ।
- ਇੱਕ ਸਾਲ ਵਿੱਚ 365 ਦਿਨ ਹੁੰਦੇ ਹਨ।
- ਇੱਕ ਮਹੀਨੇ ਵਿੱਚ 30 ਜਾਂ 31 ਦਿਨ ਹੁੰਦੇ ਹਨ।
- ਫਰਵਰੀ ਦੇ ਮਹੀਨੇ ਵਿੱਚ 28 ਜਾਂ 29 ਦਿਨ ਹੁੰਦੇ ਹਨ।
- ਜਿਸ ਸਾਲ ਵਿੱਚ ਫਰਵਰੀ ਦੇ ਮਹੀਨੇ ਵਿੱਚ 29 ਦਿਨ ਹੁੰਦੇ ਹਨ, ਉਹ ਸਾਲ ਲੀਪ ਦਾ ਸਾਲ ਹੁੰਦਾ ਹੈ।



## ਆਓ ਸਿੱਖੀਏ

# ਰੁੱਤਾਂ

ਪਹਿਲੀ ਜਮਾਤ ਵਿੱਚ ਅਸੀਂ ਮੌਸਮ ਦੇ ਚਾਰ ਪਹਿਰ ਸਵੇਰ, ਦੁਪਹਿਰ, ਸ਼ਾਮ ਅਤੇ ਰਾਤ ਬਾਰੇ ਜਾਣਕਾਰੀ ਦੇ ਚੁੱਕੇ ਹਾਂ। ਇਸ ਜਮਾਤ ਵਿੱਚ ਅਸੀਂ ਬੱਚਿਆਂ ਨੂੰ ਸਾਲ ਦੀਆਂ ਚਾਰ ਰੁੱਤਾਂ ਸਰਦੀ, ਬਸੰਤ, ਗਰਮੀ ਅਤੇ ਪਤਝੜ ਬਾਰੇ ਜਾਣਕਾਰੀ ਦੇਵਾਂਗੇ।

ਅਧਿਆਪਕ ਬੱਚਿਆਂ ਨੂੰ ਜਾਣਕਾਰੀ ਦਿੰਦਿਆਂ ਦੱਸੇਗਾ ਕਿ ਸਾਡੇ ਦਸੰਬਰ, ਜਨਵਰੀ ਅਤੇ ਫਰਵਰੀ ਮਹੀਨੇ ਸਰਦੀ ਦੇ ਹਨ। ਮਾਰਚ ਅਤੇ ਅਪ੍ਰੈਲ ਵਿੱਚ ਬਸੰਤ ਰੁੱਤ ਹੁੰਦੀ ਹੈ। ਇਸ ਤੋਂ ਬਾਅਦ ਗਰਮੀ ਦੀ ਰੁੱਤ ਲੰਬੀ ਹੁੰਦੀ ਹੈ, ਜੋ ਮਈ, ਜੂਨ, ਜੁਲਾਈ, ਅਗਸਤ, ਸਤੰਬਰ ਤੱਕ ਚਲਦੀ ਹੈ। ਅਕਤੂਬਰ-ਨਵੰਬਰ ਮਹੀਨੇ ਪਤਝੜ ਹੁੰਦੀ ਹੈ। ਦਸੰਬਰ ਮਹੀਨੇ ਮੁੜ ਸਰਦੀ ਦੀ ਰੁੱਤ ਆ ਜਾਂਦੀ ਹੈ।

**ਰੁੱਤਾਂ ਅਤੇ ਮੌਸਮ ਦੀ ਸਮਝ ਲਈ ਬੱਚਿਆਂ ਨੂੰ ਹੇਠ ਲਿਖੀ ਕਵਿਤਾ ਯਾਦ ਕਰਵਾਈ ਜਾਵੇ।**

ਦਸੰਬਰ, ਜਨਵਰੀ, ਫਰਵਰੀ ਸਰਦੀ ਤੇ ਮਹੀਨੇ, ਮਾਰਚ-ਅਪ੍ਰੈਲ ਬਸੰਤ,
ਮਈ, ਜੂਨ, ਜੁਲਾਈ, ਅਗਸਤ, ਸਤੰਬਰ ਵਿੱਚ ਗਰਮੀ ਪਵੇ ਬੇਅੰਤ।
ਅਕਤੂਬਰ, ਨਵੰਬਰ, ਪਤਝੜ ਚਲ ਜਾਵੇ,
ਦਸੰਬਰ ਵਿੱਚ ਮੁੜ ਸਰਦੀ ਆਵੇ।
ਰੁੱਤਾਂ ਦਾ ਮੁੜ ਚੱਕਰ ਚਲਾਵੇ।

## ਆਓ ਕਰੀਏ



(1) ਲੀਪ ਵਾਲੇ ਸਾਲ ਵਿੱਚ ਫਰਵਰੀ ਦੇ ਮਹੀਨੇ ਵਿੱਚ ਕਿੰਨੇ ਦਿਨ ਹੁੰਦੇ ਹਨ?
(a) 28 (b) 29 (c) 30

(2) ਹੇਠ ਲਿਖੇ ਮਹੀਨਿਆਂ ਵਿਚੋਂ ਕਿਹੜਾ ਮਹੀਨਾ ਸਰਦੀ ਦਾ ਹੈ?
(a) ਜਨਵਰੀ (b) ਮਈ (c) ਅਗਸਤ

(3) ਹੇਠ ਲਿਖੇ ਮਹੀਨਿਆਂ ਵਿੱਚੋਂ ਕਿਹੜੇ ਮਹੀਨੇ ਪਤਝੜ ਹੁੰਦੀ ਹੈ?
(a) ਅਕਤੂਬਰ (b) ਦਸੰਬਰ (c) ਮਾਰਚ

(4) ਕਿਹੜਾ ਮਹੀਨਾ ਬਸੰਤ ਰੁੱਤ ਦਾ ਹੈ?
(a) ਮਾਰਚ (b) ਦਸੰਬਰ (c) ਅਕਤੂਬਰ

(5) ਕਿਹੜਾ ਮਹੀਨਾ ਗਰਮੀ ਰੁੱਤ ਦਾ ਹੈ?
(a) ਜਨਵਰੀ (b) ਜੂਨ (c) ਦਸੰਬਰ



## ਆਓ ਸਿੱਖੀਏ

### ਸਮੇਂ ਦੀ ਅਵਧੀ

ਸਾਡੇ ਜੀਵਨ ਵਿੱਚ ਬਹੁਤ ਸਾਰੀਆਂ ਘਟਨਾਵਾਂ ਪਲਾਂ ਛਿਣਾਂ ਵਿੱਚ ਅਤੇ ਬਹੁਤ ਸਾਰੀਆਂ ਘਟਨਾਵਾਂ ਦਿਨਾਂ ਮਹੀਨਿਆਂ ਵਿੱਚ ਅਤੇ ਬਹੁਤ ਸਾਰੀਆਂ ਸਾਲਾਂ ਵਿੱਚ ਵਾਪਰਦੀਆਂ ਹਨ। ਅਜਿਹੀਆਂ ਘਟਨਾਵਾਂ ਪ੍ਰਤੀ ਸਮਝ ਪੈਦਾ ਕਰਨ ਲਈ ਅਧਿਆਪਕ ਬੱਚੇ ਦੀ ਰੋਜ਼ਾਨਾ ਜ਼ਿੰਦਗੀ ਵਿੱਚੋਂ ਕੁਝ ਉਦਾਹਰਣਾਂ ਲੈ ਕੇ ਇਸ ਤਰੀਕੇ ਨਾਲ ਅਭਿਆਸ ਕਰਵਾਏ ਕਿ ਬੱਚਾ ਸਮੇਂ ਅਤੇ ਘਟਨਾ ਵਾਪਰਨ ਦੀ ਤਰਤੀਬ ਨੂੰ ਚੰਗੀ ਤਰ੍ਹਾਂ ਜਾਣ ਅਤੇ ਸਮਝ ਸਕੇ।

ਅਧਿਆਪਕ ਬੱਚਿਆਂ ਨੂੰ ਸਕੂਲ ਅਤੇ ਉਸ ਦੀਆਂ ਘਰ ਦੀਆਂ ਕੁਝ ਉਦਾਹਰਣਾਂ ਲੈ ਕੇ ਉਹਨਾਂ ਨੂੰ ਸਮੇਂ ਦੇ ਘਟਨਾਕ੍ਰਮ ਬਾਰੇ ਸਮਝਾਵੇ।

## ਆਓ ਕਰੀਏ



(1) ਐਤਵਾਰ ਦਾ ਦਿਨ ਕਿੰਨੇ ਦਿਨਾਂ ਬਾਅਦ ਆਉਂਦਾ ਹੈ?

(a) 7 ਦਿਨਾਂ ਬਾਅਦ (b) 10 ਦਿਨਾਂ ਬਾਅਦ (c) 5 ਦਿਨਾਂ ਬਾਅਦ

(2) ਇੱਕ ਤਰੀਕ ਦੁਬਾਰਾ ਕਿੰਨੇ ਸਮੇਂ ਬਾਅਦ ਆਉਂਦੀ ਹੈ?

(a) ਹਫ਼ਤੇ ਬਾਅਦ (b) ਮਹੀਨੇ ਬਾਅਦ (c) ਪੰਦਰਾਂ ਦਿਨਾਂ ਬਾਅਦ

(3) ਲੋਹੜੀ ਕਿੰਨੇ ਸਮੇਂ ਬਾਅਦ ਆਉਂਦੀ ਹੈ?

(a) ਇੱਕ ਦਿਨ ਬਾਅਦ (b) ਇੱਕ ਮਹੀਨੇ ਬਾਅਦ (c) ਇੱਕ ਸਾਲ ਬਾਅਦ

(4) ਦਰੱਖਤ ਕਿੰਨੇ ਸਮੇਂ ਵਿੱਚ ਵੱਡਾ ਹੁੰਦਾ ਹੈ?

(a) ਦਿਨਾਂ ਵਿੱਚ (b) ਮਿੰਟਾਂ ਵਿੱਚ (c) ਸਾਲਾਂ ਵਿੱਚ

(5) ਤੁਹਾਡਾ ਜਨਮ ਦਿਨ ਕਿੰਨੇ ਸਮੇਂ ਬਾਅਦ ਆਉਂਦਾ ਹੈ?

(a) ਮਹੀਨੇ ਬਾਅਦ (b) 6 ਮਹੀਨੇ ਬਾਅਦ (c) ਸਾਲ ਬਾਅਦ



## ਯਾਦ ਰੱਖਣ ਯੋਗ

* ਹਫ਼ਤੇ ਵਿਚ ਸੱਤ ਦਿਨ ਹੁੰਦੇ ਹਨ।
* ਹਫ਼ਤੇ ਵਿੱਚ ਐਤਵਾਰ ਦਾ ਦਿਨ ਛੁੱਟੀ ਦਾ ਦਿਨ ਹੁੰਦਾ ਹੈ।
* ਹਫ਼ਤੇ ਤੋਂ ਮਹੀਨਾ ਵੱਡਾ ਹੁੰਦਾ ਹੈ।
* 12 ਮਹੀਨਿਆਂ ਦਾ ਇੱਕ ਸਾਲ ਹੁੰਦਾ ਹੈ।
* ਫ਼ਰਵਰੀ ਮਹੀਨਾ ਸਭ ਤੋਂ ਛੋਟਾ ਮਹੀਨਾ 28 ਜਾਂ 29 ਦਿਨਾਂ ਦਾ ਹੁੰਦਾ ਹੈ।
* ਜੂਨ ਮਹੀਨੇ ਸਕੂਲਾਂ ਵਿਚ ਗਰਮੀ ਦੀਆਂ ਛੁੱਟੀਆਂ ਹੁੰਦੀਆਂ ਹਨ ਅਤੇ ਇਹ ਸਾਲ ਦਾ 6 ਵਾਂ ਮਹੀਨਾ ਹੁੰਦਾ ਹੈ।
* ਦਿਨਾਂ ਨੂੰ ਮਿਲਾ ਕੇ ਹਫ਼ਤਾ, ਹਫ਼ਤਿਆਂ ਨੂੰ ਮਿਲਾ ਕੇ ਮਹੀਨਾ ਅਤੇ ਮਹੀਨਿਆਂ ਨੂੰ ਮਿਲਾ ਕੇ ਸਾਲ ਬਣਦਾ ਹੈ।
* ਜਿਸ ਸਾਲ ਫ਼ਰਵਰੀ ਮਹੀਨੇ ਵਿੱਚ 29 ਦਿਨ ਹੋਣ ਉਸ ਸਾਲ ਨੂੰ ਲੀਪ ਦਾ ਸਾਲ ਕਹਿੰਦੇ ਹਨ।
* ਲੋਹੜੀ ਦਾ ਤਿਉਹਾਰ ਜਨਵਰੀ ਮਹੀਨੇ ਵਿੱਚ ਮਨਾਇਆ ਜਾਂਦਾ ਹੈ ਅਤੇ ਇਸ ਮਹੀਨੇ ਸਰਦੀ ਦੀ ਰੁੱਤ ਹੁੰਦੀ ਹੈ।
* ਸਕੂਲਾਂ ਵਿੱਚ ਸਾਲਾਨਾ ਇਮਤਿਹਾਨ ਮਾਰਚ ਮਹੀਨੇ ਵਿੱਚ ਹੁੰਦੇ ਹਨ ਅਤੇ ਇਹ ਸਾਲ ਦਾ ਤੀਸਰਾ ਮਹੀਨਾ ਹੁੰਦਾ ਹੈ।

## ਅਸੀਂ ਜੋ ਸਿੱਖਿਆ

**ਸਮਾਂ**

↓

ਮਿੰਟ, ਘੰਟੇ, ਦਿਨਾਂ ਦੀ ਸਮਝ

↓

ਦਿਨਾਂ ਤੋਂ ਹਫ਼ਤਿਆਂ ਅਤੇ ਮਹੀਨਿਆਂ ਦੀ ਸਮਝ

↓

ਮਹੀਨਿਆਂ ਤੋਂ ਸਾਲ ਅਤੇ ਰੁੱਤਾਂ ਦੀ ਸਮਝ

# 9 ਅੰਕੜੇ

## ਉਦੇਸ਼

1. ਅੰਕੜਿਆਂ ਨੂੰ ਦਰਸਾਉਣਾ ਅਤੇ ਉਹਨਾਂ ਬਾਰੇ ਵਿਆਖਿਆ ਕਰਨੀ।
2. ਵੱਧ ਅਤੇ ਘੱਟ ਦੀ ਸਮਝ ਨੂੰ ਵਿਕਸਿਤ ਕਰਨਾ।
3. 'ਚਿੱਤਰ ਚਿੰਨ੍ਹਾਂ' ਰਾਹੀਂ ਅੰਕੜਿਆਂ ਨੂੰ ਦਰਸਾਉਣਾ।
4. 'ਚਿੱਤਰ ਚਿੰਨ੍ਹਾਂ' ਤੋਂ ਪਰਿਣਾਮ ਕੱਢਣ ਦੀ ਸਮਝ ਨੂੰ ਵਿਕਸਿਤ ਕਰਨਾ।

### ਕੀ ਤੁਹਾਨੂੰ ਯਾਦ ਹੈ ?

ਗਤੀਵਿਧੀ

ਅਧਿਆਪਕ ਜਮਾਤ ਵਿੱਚ ਬੱਚਿਆਂ ਨਾਲ ਉਹਨਾਂ ਦੇ ਮਨਪਸੰਦ ਫ਼ਲਾਂ ਬਾਰੇ ਗੱਲਬਾਤ ਕਰਦਾ ਹੈ।






ਅਧਿਆਪਕ ਬੱਚਿਆਂ ਨੂੰ ਫ਼ਲਾਂ ਦੀ ਮਹੱਤਤਾ ਬਾਰੇ ਦੱਸਦਾ ਹੋਇਆ ਕਹਿੰਦਾ ਹੈ ਕਿ ਫ਼ਲ ਸਾਡੇ ਲਈ ਬਹੁਤ ਜ਼ਰੂਰੀ ਹਨ, ਇਹਨਾਂ ਦੁਆਰਾ ਸਾਡੇ ਸਰੀਰ ਲਈ ਜ਼ਰੂਰੀ ਤੱਤ, ਵਿਟਾਮਿਨ ਮਿਲਦੇ ਹਨ।

ਅਧਿਆਪਕ ਬੱਚਿਆਂ ਨੂੰ ਰੋਜ਼ਾਨਾ ਫ਼ਲ ਖਾਣ ਦੀ ਗਿਣਤੀ ਬਾਰੇ ਪੁੱਛਦਿਆਂ ਹੋਇਆਂ ਵੱਧ ਤੋਂ ਵੱਧ ਫ਼ਲ ਖਾਣ ਲਈ ਪ੍ਰੇਰਿਤ ਕਰਦਾ ਹੈ।

ਅਧਿਆਪਕ : ਬੱਚਿਓ! ਅੱਜ ਅਸੀਂ ਜਮਾਤ ਵਿੱਚ ਪਤਾ ਕਰਾਂਗੇ ਕਿ ਤੁਹਾਡੇ ਸਾਰਿਆਂ ਵੱਲੋਂ ਕਿਹੜੇ ਫ਼ਲ ਨੂੰ ਖਾਣਾ ਵੱਧ ਪਸੰਦ ਕੀਤਾ ਜਾਂਦਾ ਹੈ ਅਤੇ ਕਿਹੜੇ ਫ਼ਲ ਨੂੰ ਘੱਟ ਪਸੰਦ ਕੀਤਾ ਜਾਂਦਾ ਹੈ।

ਜਮਾਤ ਦੇ ਬੱਚੇ ਬਹੁਤ ਰੌਚਿਕਤਾ ਨਾਲ ਆਪਣੇ-ਆਪਣੇ ਮਨਪਸੰਦ ਫ਼ਲ ਬਾਰੇ ਸੋਚਦੇ ਹਨ ਅਤੇ ਉਸ ਮਨਪਸੰਦ ਫ਼ਲ ਦੀ ਤਸਵੀਰ ਨੂੰ ਆਪਣੇ ਦਿਮਾਗ ਵਿੱਚ ਬਣਾਉਂਦੇ ਹਨ।

ਅਧਿਆਪਕ : ਬੱਚਿਓ! ਤੁਸੀਂ ਆਪਣੇ ਮਨਪਸੰਦ ਫ਼ਲ ਦਾ ਨਾਂ ਇੱਕ ਕਾਗਜ਼ ਦੇ ਟੁਕੜੇ ਤੇ ਲਿਖ ਕੇ ਉਸ ਕਾਗਜ਼ ਦੇ ਟੁਕੜੇ ਨੂੰ ਦੋ ਤਹਿਆਂ ਵਿੱਚ ਮੋੜ ਲਓ।

ਜਮਾਤ ਦੇ ਸਾਰੇ ਬੱਚੇ ਆਪਣੇ ਆਪਣੇ ਮਨਪਸੰਦ ਫਲਾਂ ਦੇ ਨਾਂ ਕਾਗਜ਼ ਦੇ ਟੁਕੜੇ 'ਤੇ ਲਿਖ ਕੇ ਉਸਨੂੰ ਦੋ ਤਹਿਆਂ ਵਿੱਚ ਮੋੜ ਕੇ ਆਪਣੇ ਕੋਲ ਰੱਖ ਲੈਂਦੇ ਹਨ।

ਕੋਈ ਬੱਚਾ ਸੇਬ ਲਿਖਦਾ ਹੈ, ਕੋਈ ਕੇਲਾ, ਕੋਈ ਅੰਬ ਤੇ ਕੋਈ ਅਨਾਰ.......

ਅਧਿਆਪਕ ਜਮਾਤ ਦੇ ਕਿਸੇ ਇੱਕ ਬੱਚੇ ਨੂੰ ਕੋਲ ਬੁਲਾ ਕੇ ਇਹਨਾਂ ਕਾਗਜ਼ ਦੇ ਮੁੜੇ ਹੋਏ ਟੁੱਕੜਿਆਂ ਨੂੰ ਬੱਚਿਆਂ ਕੋਲੋਂ ਮੰਗਵਾਂ ਕੇ ਇੱਕ ਡੱਬੇ ਵਿੱਚ ਪਾਉਣ ਲਈ ਕਹਿੰਦਾ ਹੈ।
ਜਦੋਂ ਸਾਰੇ ਕਾਗਜ਼ ਦੇ ਟੁਕੜੇ ਡੱਬੇ ਵਿੱਚ ਇਕੱਠੇ ਹੋ ਜਾਂਦੇ ਹਨ ਤਾਂ ਅਧਿਆਪਕ ਕਹਿੰਦਾ ਹੈ ਕਿ ਬੱਚਿਓ ਤੁਹਾਡੀ ਪਸੰਦ ਦੇ ਫ਼ਲਾਂ ਨੂੰ ਮੈਂ ਬਲੈਕ ਬੋਰਡ 'ਤੇ ਸਾਰਣੀ ਦੇ ਰੂਪ ਵਿੱਚ ਬਣਾ ਰਿਹਾ ਹਾਂ, ਤੁਸੀਂ ਵੀ ਇਸ ਨੂੰ ਆਪਣੀ ਕਾਪੀ 'ਤੇ ਬਣਾ ਲਓ।

| ਫਲ | ਸਬੰਧਤ ਫ਼ਲ ਪਸੰਦ ਕਰਨ ਵਾਲੇ ਬੱਚਿਆਂ ਦੀ ਸੰਖਿਆ | | | | | | | | | | | | | |
|---|---|---|---|---|---|---|---|---|---|---|---|---|---|---|
|  ਸੇਬ | | | | | | | | | | | | | | |
|  ਕੇਲਾ | | | | | | | | | | | | | | |
|  ਅੰਬ | | | | | | | | | | | | | | |
|  ਅਨਾਰ | | | | | | | | | | | | | | |

ਸਾਰਣੀ ਬਨਾਉਣ ਤੋਂ ਬਾਅਦ ਅਧਿਆਪਕ ਕਾਗਜ਼ ਦੇ ਟੁੱਕੜਿਆਂ ਵਾਲੇ ਡੱਬੇ ਨੂੰ ਚੁੱਕਦਾ ਹੈ ਅਤੇ ਡੱਬੇ ਵਿੱਚ ਮੌਜੂਦ ਦੋ ਤਹਿਆਂ ਵਿਚ ਮੁੜੇ ਹੋਏ ਕਾਗਜ਼ ਦੇ ਟੁਕੜਿਆਂ ਨੂੰ ਇੱਕ-ਇੱਕ ਕਰਕੇ ਚੁੱਕਦਾ ਹੈ ਅਤੇ ਟੁੱਕੜੇ ਵਿੱਚ ਲਿਖੇ ਹੋਏ ਫ਼ਲਾਂ ਦੇ ਨਾਂ ਨੂੰ ਇੱਕ- ਇੱਕ ਕਰਕੇ ਬੱਚਿਆਂ ਨੂੰ ਦੱਸਦਾ ਹੈ।

ਬੱਚੇ ਅਧਿਆਪਕ ਦੁਆਰਾ ਬੋਲੇ ਗਏ ਫ਼ਲ ਦੇ ਨਾਂ ਨੂੰ ਚੰਗੀ ਤਰ੍ਹਾਂ ਸੁਣਦੇ ਹਨ ਅਤੇ ਆਪਣੀ ਕਾਪੀ ਵਿੱਚ ਹਰੇਕ ਫ਼ਲ ਲਈ ਉਸਦੀ ਬਣਾਈ ਤਸਵੀਰ ਵਾਲੇ ਖਾਨੇ (ਬਾਕਸ) ਦੇ ਸਾਹਮਣੇ ਇੱਕ ਬਾਕਸ ਵਿੱਚ ਰੰਗ ਭਰਦੇ ਹਨ।

ਖਾਨਿਆਂ ਵਿੱਚ ਰੰਗ ਭਰਨ ਤੋਂ ਬਾਅਦ ਜਮਾਤ ਦੇ ਬੱਚਿਆਂ ਤੋਂ ਪਤਾ ਕੀਤਾ ਜਾਂਦਾ ਹੈ ਕਿ ਸਾਰੀ ਜਮਾਤ ਦੇ ਬੱਚਿਆਂ ਵਿੱਚੋਂ ਸਭ ਤੋਂ ਵੱਧ ਕਿਹੜੇ ਫ਼ਲ ਨੂੰ ਪਸੰਦ ਕੀਤਾ ਜਾਂਦਾ ਹੈ।ਸਭ ਤੋਂ ਘੱਟ ਕਿਹੜੇ ਫ਼ਲ ਨੂੰ ਜਮਾਤ ਦੇ ਬੱਚੇ ਪਸੰਦ ਕਰਦੇ ਹਨ।

## ਗਤੀਵਿਧੀ

ਦੂਸਰੀ ਜਮਾਤ ਦੇ ਬੱਚਿਆਂ ਨੂੰ ਮੁੱਖ ਅਧਿਆਪਕ ਜੀ ਦੁਆਰਾ ਨਵੀਂ ਵਰਦੀ ਦਿੱਤੀ ਗਈ। ਨਵੀਂ ਵਰਦੀ ਵਿੱਚ ਹੀ ਨਵੇਂ ਬੂਟ ਦਿੱਤੇ ਗਏ।

ਅਧਿਆਪਕ: ਬੱਚਿਓ ਜੋਂ ਤੁਸੀਂ ਅੱਜ ਨਵੇਂ ਬੂਟ ਪਾਏ ਹਨ, ਉਹਨਾਂ ਨੂੰ ਧਿਆਨ ਨਾਲ ਦੇਖੋ, ਕੁੱਝ ਬੱਚਿਆਂ ਦੇ ਬੂਟ ਵੱਡੇ ਹਨ, ਕੁੱਝ ਦੇ ਛੋਟੇ ਹਨ।

### ਅਧਿਆਪਕ ਸੰਕੇਤ

ਸਮੂਹ ਗਤੀਵਿਧੀ ਵਿੱਚ ਵੱਧ ਤੋਂ ਵੱਧ ਬੱਚਿਆਂ ਦੀ ਸ਼ਮੂਲੀਅਤ ਕਰਵਾਈ ਜਾਵੇ।ਅੰਤ ਵਿੱਚ ਵੱਧ ਪਸੰਦ/ਘੱਟ ਪਸੰਦ ਦਾ ਸਿੱਟਾ ਵੀ ਬੱਚਿਆਂ ਤੋਂ ਹੀ ਕਢਵਾਇਆ ਜਾਵੇ।

ਇਹ ਤੁਹਾਡੇ ਪੈਰ ਦੇ ਨਾਪ ਅਨੁਸਾਰ ਵੱਡੇ ਛੋਟੇ ਹਨ।

ਸਾਰੇ ਬੱਚੇ ਆਪਣੇ ਪਾਏ ਹੋਏ ਬੂਟਾਂ ਨੂੰ ਚੰਗੀ ਤਰ੍ਹਾਂ ਵੇਖਦੇ ਹਨ।



ਸੰਦੀਪ: ਅਧਿਆਪਕ ਜੀ, ਇਹਨਾਂ ਬੂਟਾਂ ਦੇ ਵੱਡੇ/ਛੋਟੇ ਹੋਣ (ਨਾਪ) ਦਾ ਕਿਵੇਂ ਪਤਾ ਲਗਦਾ ਹੈ?

ਅਧਿਆਪਕ: ਬੱਚਿਓ! ਇਹਨਾਂ ਬੂਟਾਂ ਦੇ ਤਲੇ ਨੂੰ ਦੇਖੋ, ਤਲੇ 'ਤੇ ਇੱਕ ਨੰਬਰ ਹੈ, ਇਹ ਤੁਹਾਡੇ ਬੂਟ ਦਾ ਨਾਪ ਹੈ, ਇਸ ਤੋਂ ਹੀ ਤੁਹਾਡੇ ਬੂਟ ਦੇ ਵੱਡੇ/ਛੋਟੇ ਹੋਣ ਦਾ ਪਤਾ ਚਲਦਾ ਹੈ?

ਅਧਿਆਪਕ ਜਮਾਤ ਦੇ ਬੱਚਿਆਂ ਨੂੰ ਆਪਣੇ ਆਪਣੇ ਬੂਟ ਦੇ ਤਲੇ ਤੋਂ ਬੂਟ ਦਾ ਨੰਬਰ ਦੇਖਣ ਲਈ ਕਹਿੰਦਾ ਹੈ।




ਬੂਟ ਦਾ ਨੰਬਰ ਦੇਖਣ ਤੋਂ ਬਾਅਦ ਬੱਚਿਆਂ ਨੂੰ ਬੂਟ ਦੇ ਨੰਬਰ ਅਨੁਸਾਰ ਵੱਖ ਵੱਖ ਸਮੂਹਾਂ ਵਿੱਚ ਬੈਠਣ ਲਈ ਕਿਹਾ ਜਾਂਦਾ ਹੈ, ਭਾਵ ਬੂਟ ਦੇ ਇਕੋ ਨੰਬਰ ਵਾਲੇ ਬੱਚੇ ਇੱਕ ਸਮੂਹ ਵਿੱਚ ਅਤੇ ਬੂਟ ਦੇ ਦੂਜੇ ਨੰਬਰ ਵਾਲੇ ਬੱਚੇ ਦੂਜੇ ਸਮੂਹ ਵਿੱਚ ਬੈਠਦੇ ਹਨ।

ਬੱਚੇ ਸਮੂਹਾਂ ਵਿੱਚ ਬੈਠਦੇ ਹੋਏ ਆਨੰਦ ਮਹਿਸੂਸ ਕਰਦੇ ਹਨ।

ਇਸ ਤੋਂ ਬਾਅਦ ਹਰੇਕ ਸਮੂਹ ਦਾ ਇੱਕ ਬੱਚਾ ਆਪਣੇ ਆਪਣੇ ਸਮੂਹ ਵਿੱਚ ਬੱਚਿਆਂ ਦੀ ਗਿਣਤੀ ਕਰਦਾ ਹੈ।

ਅਧਿਆਪਕ ਇਸ ਗਿਣਤੀ ਨੂੰ ਸਾਰਣੀ ਵਿੱਚ ਦਰਸਾਉਣ ਲਈ ਬਲੈਕ ਬੋਰਡ 'ਤੇ ਸਾਰਣੀ ਬਣਾਉਂਦਾ ਹੈ ਅਤੇ ਬੱਚਿਆਂ ਨੂੰ ਸਾਰਣੀ ਕਾਪੀਆਂ ਵਿੱਚ ਬਣਾਉਣ ਲਈ ਕਿਹਾ ਜਾਂਦਾ ਹੈ।

| ਬੂਟ ਦਾ ਨਾਪ | ਬੱਚਿਆਂ ਦੀ ਗਿਣਤੀ |
|---|---|
| 8 | |
| | |
| | |
| | |

ਬੱਚਿਆਂ ਨੂੰ ਪੁੱਛ ਕੇ ਇਸ ਸਾਰਣੀ ਵਿੱਚ ਬੱਚਿਆਂ ਦੀ ਗਿਣਤੀ ਭਰੀ ਜਾਂਦੀ ਹੈ।

**ਅਧਿਆਪਕ ਸੰਕੇਤ**

ਅਧਿਆਪਕ ਬੱਚਿਆਂ ਨੂੰ ਖੁਦ ਸਮੂਹਾਂ ਵਿੱਚ ਬੈਠਣ ਲਈ ਪ੍ਰੇਰਿਤ ਕਰੇ।



## ਆਓ ਸਿੱਖੀਏ

1. ਦੂਸਰੀ ਜਮਾਤ ਦੇ ਬੱਚਿਆਂ ਦੇ ਬਸਤਿਆਂ ਵਿੱਚ ਕਾਪੀਆਂ ਦੀ ਗਿਣਤੀ ਨੂੰ ਸਾਰਣੀ ਵਿੱਚ ਦਰਸਾਇਆ ਗਿਆ ਹੈ

| ਬਸਤੇ ਵਿੱਚ ਕਾਪੀਆਂ | ਬੱਚਿਆਂ ਦੀ ਗਿਣਤੀ |
|---|---|
|  | 12 |
|  | 2 |
|  | 8 |
|  | 10 |

ਪਤਾ ਲਗਾਓ:

(1) ਬਸਤੇ ਵਿੱਚ  ਕਾਪੀਆਂ ਲੈ ਕੇ ਆਉਣ ਵਾਲੇ ਬੱਚਿਆਂ ਦੀ ਗਿਣਤੀ ..........ਹੈ।

(2) ਬਸਤੇ ਵਿੱਚ  ਕਾਪੀਆਂ ਲੈ ਕੇ ਆਉਣ ਵਾਲੇ ਬੱਚਿਆਂ ਦੀ ਗਿਣਤੀ .........ਹੈ।

(3)  ਕਾਪੀਆਂ ਲੈ ਕੇ ਆਉਣ ਵਾਲੇ ਬੱਚਿਆਂ ਦੀ ਗਿਣਤੀ  ਲੈ ਕੇ ਆਉਣ ਵਾਲੇ ਬੱਚਿਆਂ ਤੋਂ ........ ਹੈ। (ਵੱਧ/ਘੱਟ)

2. ਦੂਸਰੀ ਜਮਾਤ ਦੇ ਬੱਚਿਆਂ ਦਾ ਭਾਰ ਤੋਲਿਆ ਗਿਆ। ਭਾਰ ਤੋਲਣ ਤੋਂ ਬਾਅਦ ਹੇਠ ਲਿਖੀ ਸਾਰਣੀ ਤਿਆਰ ਕੀਤੀ ਗਈ।

| ਭਾਰ (ਕਿਲੋਗ੍ਰਾਮ ਵਿੱਚ) | ਬੱਚਿਆਂ ਦੀ ਗਿਣਤੀ |
|---|---|
| 10 | 5 |
| 12 | 7 |
| 15 | 4 |
| 18 | 8 |
| 20 | 6 |
| ਕੁੱਲ ਬੱਚੇ | 30 |

(1) 10 ਕਿ.ਗ੍ਰਾ ਭਾਰ ਵਾਲੇ ਬੱਚਿਆਂ ਦੀ ਗਿਣਤੀ ਕਿੰਨੀ ਹੈ?

ਉੱਤਰ- 5

(2) 20 ਕਿ. ਗ੍ਰਾ ਭਾਰ ਵਾਲੇ ਬੱਚਿਆਂ ਦੀ ਗਿਣਤੀ ਕਿੰਨੀ ਹੈ?

ਉੱਤਰ- 6

(3) 12 ਕਿ. ਗ੍ਰਾ ਭਾਰ ਵਾਲੇ ਬੱਚਿਆਂ ਦੀ ਗਿਣਤੀ 18 ਕਿ. ਗ੍ਰਾ ਭਾਰ ਵਾਲੇ ਬੱਚਿਆਂ ਤੋਂ ਵੱਧ ਹੈ ਜਾਂ ਘੱਟ ਹੈ?

ਉੱਤਰ- ਘੱਟ ਹੈ।

(4) ਦੂਸਰੀ ਜਮਾਤ ਵਿੱਚ ਕੁੱਲ ਕਿੰਨੇ ਬੱਚੇ ਹਨ?

ਉੱਤਰ- 30

## ਆਓ ਕਰੀਏ



1. ਦੂਸਰੀ ਜਮਾਤ ਦੇ ਬੱਚੇ ਹੇਠ ਦਿੱਤੀ ਸਾਰਣੀ ਅਨੁਸਾਰ ਰੋਜ਼ਾਨਾ ਪਾਣੀ ਦੇ ਗਿਲਾਸ ਪੀਂਦੇ ਹਨ।

| ਪਾਣੀ ਦੇ ਗਿਲਾਸਾਂ ਦੀ ਗਿਣਤੀ | ਬੱਚਿਆਂ ਦੀ ਗਿਣਤੀ |
|---|---|
|  | 7 |
|  | 2 |
|  | 8 |
|  | 10 |
|  | 6 |

**ਪਤਾ ਲਗਾਓ:**

(ੳ)  ਗਿਲਾਸ ਪਾਣੀ ਪੀਣ ਵਾਲੇ ਬੱਚਿਆਂ ਦੀ ਗਿਣਤੀ ...........ਹੈ।

(ਅ)  ਗਿਲਾਸ ਪਾਣੀ ........... ਬੱਚੇ ਪੀਂਦੇ ਹਨ।

(ੲ)  ਗਿਲਾਸ ਪਾਣੀ ਪੀਣ ਵਾਲੇ ਬੱਚਿਆਂ ਦੀ ਗਿਣਤੀ  ਗਿਲਾਸ ਪਾਣੀ ਪੀਣ ਵਾਲੇ ਬੱਚਿਆ ਤੋਂ ...........ਹੈ।(ਵੱਧ / ਘੱਟ)

2. ਸਬਜ਼ੀ ਵਾਲੇ ਦੇ ਕੋਲ ਤੁਹਾਡੇ ਲਈ ਬਹੁਤ ਸਾਰੀਆਂ ਸਬਜ਼ੀਆਂ ਹਨ।

| ਸਬਜ਼ੀ | ਸੰਖਿਆ |
|---|---|
|  | |
|  | |
|  | |
|  | |
|  | |

**ਗਿਣੋ ਅਤੇ ਲਿਖੋ**

(I) ਤੁਹਾਨੂੰ ਕਿਹੜੀ ਸਬਜ਼ੀ ਪਸੰਦ ਹੈ?

(ii) ਕਿਹੜੀ ਸਬਜ਼ੀ ਜ਼ਿਆਦਾ ਗਿਣਤੀ ਵਿੱਚ ਹੈ?

(iii) ਕਿਹੜੀ ਸਬਜ਼ੀ ਘੱਟ ਗਿਣਤੀ ਵਿੱਚ ਹੈ?

(iv) ਟਮਾਟਰਾਂ ਦੀ ਕੁੱਲ ਗਿਣਤੀ ਕਿੰਨੀ ਹੈ?

(v) ਗਾਜਰਾਂ ਦੀ ਕੁੱਲ ਗਿਣਤੀ ਕਿੰਨੀ ਹੈ?

(vi) ਸਾਰੀਆਂ ਸਬਜ਼ੀਆਂ ਦੀ ਕੁੱਲ ਗਿਣਤੀ ਕਿੰਨੀ ਹੈ?

3. ਸੁਨੀਲ ਦਾ ਘਰ ਸੜਕ 'ਤੇ ਸਥਿਤ ਹੈ। ਉਹ ਅਕਸਰ ਵਿਹਲੇ ਸਮੇਂ (ਸ਼ਾਮ ਨੂੰ 6 ਵਜੇ) ਵਿੱਚ ਆਪਣੇ ਘਰ ਦੇ ਬਾਹਰ ਖੜੇ ਹੋ ਕੇ ਲੰਘਦੀਆਂ ਰੰਗ ਬਿਰੰਗੀਆਂ ਕਾਰਾਂ ਨੂੰ ਵੇਖਦਾ ਹੈ। ਇੱਕ ਦਿਨ ਉਸਨੇ ਲੰਘਣ ਵਾਲੀਆਂ ਰੰਗ ਬਿਰੰਗੀਆਂ ਕਾਰਾਂ ਦੀ ਸਾਰਣੀ ਤਿਆਰ ਕੀਤੀ ਜੋ ਹੇਠ ਅਨੁਸਾਰ ਹੈ:

| **ਕਾਰ ਦਾ ਰੰਗ** | **ਕਾਰਾਂ ਦੀ ਗਿਣਤੀ** |
|---|---|
|  | 12 |
|  | 15 |
|  | 7 |
|  | 8 |
|  | 8 |

**ਹੁਣ ਦੱਸੋ :**

(i) ਚਿੱਟੀਆਂ ਕਾਰਾਂ ਦੀ ਗਿਣਤੀ ਕਿੰਨੀ ਹੈ?

(ii) ਕਿਹੜੇ ਰੰਗ ਦੀਆਂ ਕਾਰਾਂ ਦੀ ਗਿਣਤੀ ਸਭ ਤੋਂ ਵੱਧ ਹੈ?

(iii) ਕਿਹੜੇ ਰੰਗ ਦੀਆਂ ਕਾਰਾਂ ਦੀ ਗਿਣਤੀ ਸਭ ਤੋਂ ਘੱਟ ਹੈ?

(iv) ਕਿਹੜੇ ਰੰਗ ਦੀਆਂ ਕਾਰਾਂ ਦੀ ਗਿਣਤੀ ਬਰਾਬਰ ਹੈ?

(v) ਸਾਰੀਆਂ ਕਾਰਾਂ ਦੀ ਕੁੱਲ ਗਿਣਤੀ ਕਿੰਨੀ ਹੈ?

4. ਸਕੂਲ ਵਿੱਚ ਡਾਕਟਰ ਸਾਹਿਬ ਵੱਲੋਂ ਬੱਚਿਆਂ ਦਾ ਹੈਲਥ ਚੈਕ ਅੱਪ ਕੀਤਾ ਗਿਆ। ਜਿਸ ਦੌਰਾਨ ਬੱਚਿਆਂ ਦੀ ਲੰਬਾਈ ਮਾਪੀ ਗਈ। ਲੰਬਾਈ ਮਾਪਣ ਤੋਂ ਬਾਅਦ ਹੇਠ ਲਿਖੀ ਸਾਰਣੀ ਤਿਆਰ ਕੀਤੀ ਗਈ-

| ਲੰਬਾਈ (ਸੈਂਟੀਮੀਟਰ ਵਿੱਚ) | ਬੱਚਿਆਂ ਦੀ ਗਿਣਤੀ |
| --- | --- |
| | |

(I) ਜਮਾਤ ਦਾ ਸਭ ਤੋਂ ਲੰਬਾ ਬੱਚਾ ਕੌਣ ਹੈ?

(ii) ਜਮਾਤ ਵਿੱਚ ਸਭ ਤੋਂ ਵੱਧ ਲੰਬਾਈ ਵਾਲੇ ਕਿੰਨੇ ਬੱਚੇ ਹਨ?

(iii) ਜਮਾਤ ਵਿੱਚ ਸਭ ਤੋਂ ਘੱਟ ਲੰਬਾਈ ਵਾਲੇ ਬੱਚਿਆਂ ਦੀ ਗਿਣਤੀ ਕਿੰਨੀ ਹੈ?

(iv) ਜਮਾਤ ਵਿੱਚ .......ਸੈਂ.ਮੀ ਲੰਬਾਈ ਵਾਲੇ ਕਿੰਨੇ ਬੱਚੇ ਹਨ?

(v) ਜਮਾਤ ਵਿੱਚ ਕੁੱਲ ਕਿੰਨੇ ਬੱਚੇ ਹਨ?

**ਅਧਿਆਪਕ ਸੰਕੇਤ**

ਅਧਿਆਪਕ ਬੱਚਿਆਂ ਦੀ ਮਦਦ ਨਾਲ, ਸਾਰੇ ਬੱਚਿਆਂ ਦੀ ਲੰਬਾਈ (ਸੈਂਟੀਮੀਟਰ ਵਿੱਚ) ਮਾਪੇਗਾ ਅਤੇ ਸਮਾਨ ਲੰਬਾਈ ਵਾਲੇ ਬੱਚਿਆਂ ਦੇ ਗਰੁੱਪ ਬਣਾਉਂਦੇ ਹੋਏ ਸਾਰਣੀ ਵਿੱਚ ਅੰਕੜੇ ਦਰਜ਼ ਕਰਵਾਏਗਾ।

## ਪ੍ਰਯੋਗੀ ਕਿਰਿਆ



**ਉਦੇਸ਼ :-**

(1) ਦੂਸਰੀ ਜਮਾਤ ਦੇ ਬੱਚਿਆਂ ਦਾ ਜਨਮ ਦਿਨ ਚਾਰਟ ਤਿਆਰ ਕਰਨਾ।

(2) ਜਨਮ ਦਿਨ ਚਾਰਟ ਵਿੱਚੋਂ ਅੰਕੜੇ ਇਕੱਤਰ ਕਰਨਾ।

**ਸਮੱਗਰੀ :-** ਚਾਰਟ ਪੇਪਰ, ਚਾਰਟ ਦੇ ਵਰਗਾਕਾਰ ਆਕਾਰ ਦੇ ਛੋਟੇ ਇਕੋ ਮਾਪ ਦੇ ਟੁੱਕੜੇ, 12 ਵੱਖੋ ਵੱਖਰੇ ਰੰਗ ਅਤੇ ਗੂੰਦ।

**ਵਿਧੀ :-**

1. ਸਾਲ ਦੇ 12 ਮਹੀਨਿਆਂ ਨੂੰ ਵੱਖੋ-ਵੱਖਰੇ ਰੰਗ ਅਲਾਟ ਕਰਨਾ ਜਿਵੇਂ

| | | | |
|---|---|---|---|
| ਜਨਵਰੀ – | | ਜੁਲਾਈ – | |
| ਫਰਵਰੀ – | | ਅਗਸਤ – | |
| ਮਾਰਚ – | | ਸਤੰਬਰ – | |
| ਅਪ੍ਰੈਲ – | | ਅਕਤੂਬਰ – | |
| ਮਈ – | | ਨਵੰਬਰ – | |
| ਜੂਨ – | | ਦਸੰਬਰ – | |

2. ਜਮਾਤ ਦੇ ਸਾਰੇ ਬੱਚਿਆਂ ਨੂੰ ਵਰਗਾਕਾਰ ਆਕਾਰ ਦੇ ਇੱਕੋ ਮਾਪ ਦੇ ਛੋਟੇ ਟੁੱਕੜਿਆਂ ਵਿਚੋਂ 1-1 ਟੁਕੜਾ ਦਿੱਤਾ ਜਾਂਦਾ ਹੈ।
3. ਹਰੇਕ ਬੱਚਾ ਉਸ ਟੁੱਕੜੇ ਨੂੰ ਆਪਣੇ ਜਨਮ ਦਿਨ ਵਾਲੇ ਮਹੀਨੇ ਅਨੁਸਾਰ ਉਪਰੋਕਤ ਸਾਰਣੀ ਵਿਚੋਂ ਦੇਖ ਕੇ ਰੰਗ ਕਰਦਾ ਹੈ।
4. ਟੁੱਕੜਿਆਂ ਨੂੰ ਰੰਗ ਕਰਨ ਉਪਰੰਤ ਹਰੇਕ ਬੱਚਾ ਆਪਣੇ ਕਾਗਜ਼ ਦੇ ਟੁਕੜੇ ਨੂੰ ਚਾਰਟ 'ਤੇ ਪੇਸਟ ਕਰਦਾ ਹੈ।
5. ਅੰਤ ਵਿੱਚ ਚਾਰਟ ਨੂੰ ਡਿਸਪਲੇਅ ਕਰ ਦਿੱਤਾ ਜਾਂਦਾ ਹੈ।

**ਸਿੱਟਾ/ਪਰਿਣਾਮ ਕੱਢਣਾ :**

(1) ਸਾਲ ਵਿੱਚ ਕੁੱਲ ਕਿੰਨੇ ਮਹੀਨੇ ਹੁੰਦੇ ਹਨ?

(2) ਜਨਵਰੀ ਮਹੀਨੇ ਵਿੱਚ ਕਿੰਨੇ ਬੱਚਿਆਂ ਦਾ ਜਨਮ ਦਿਨ ਆਉਂਦਾ ਹੈ ?

(3) ਗਰਮੀ ਦੀਆਂ ਛੁੱਟੀਆਂ ਵਾਲੇ ਮਹੀਨੇ ਵਿੱਚ ਕਿੰਨੇ ਬੱਚਿਆਂ ਦਾ ਜਨਮ ਦਿਨ ਆਉਂਦਾ ਹੈ ?

(4) ਜੁਲਾਈ ਅਤੇ ਅਗਸਤ ਮਹੀਨੇ ਵਿੱਚ ਕਿੰਨੇ ਬੱਚਿਆਂ ਦਾ ਜਨਮ ਦਿਨ ਆਉਂਦਾ ਹੈ ?

(5) ਕਿਹੜੇ ਮਹੀਨੇ ਵਿੱਚ ਕਿਸੇ ਵੀ ਬੱਚੇ ਦਾ ਜਨਮਦਿਨ ਨਹੀਂ ਆਉਂਦਾ ?

# ਵਰਕਸ਼ੀਟ

1. **ਵੱਖ-ਵੱਖ ਬੈਗਾਂ/ਡੱਬਿਆਂ ਵਿੱਚ ਸੇਬਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ-**

| ਬੈਗ ਨੰ | ਸੇਬਾਂ ਦੀ ਗਿਣਤੀ |
|---|---|
| 1 |  |
| 2 |  |
| 3 |  |
| 4 |  |

(i) ਕਿਹੜੇ ਬੈਗ ਨੰਬਰ ਵਿੱਚ ਸਭ ਤੋਂ ਵੱਧ ਸੇਬ ਹਨ ?

(a) 2 (b) 3 (c) 4 (d) 1

(ii) ਕਿਹੜੇ ਬੈਗ ਨੰਬਰ ਵਿੱਚ ਸਭ ਤੋਂ ਘੱਟ ਸੇਬ ਹਨ ?

(a) 1 (b) 4 (c) 2 (d) 3

(iii) ਬੈਗ ਨੰਬਰ 1 ਵਿੱਚ ਸੇਬਾਂ ਦੀ ਗਿਣਤੀ 6 ਹੈ। (✓ ਜਾਂ ×)

(iv) ਬੈਗ ਨੰਬਰ 2 ਅਤੇ 3 ਵਿੱਚ ਸੇਬਾਂ ਦੀ ਕੁੱਲ ਗਿਣਤੀ 6 ਹੈ। (✓ ਜਾਂ ×)

(v) ਬੈਗ ਨੰਬਰ 3 ਵਿੱਚ ਸੇਬਾਂ ਦੀ ਗਿਣਤੀ 3 ਹੈ। (✓ ਜਾਂ ×)

2. **ਹੇਠਾਂ ਦਿੱਤੀ ਗਈ ਸੂਚੀ ਨੂੰ ਧਿਆਨ ਨਾਲ ਦੇਖੋ-**

| ਆਈਸਕ੍ਰੀਮ ਦਾ ਨਾਂ | ਪਸੰਦ ਕਰਨ ਵਾਲੇ ਬੱਚਿਆਂ ਦੀ ਗਿਣਤੀ |
|---|---|
|  ਚਾਕਲੇਟ |  |
|  ਵਨੀਲਾ |  |
|  ਸਟਰਾਬੈਰੀ |  |
|  ਮੈਂਗੋ |  |

(i) ਸਭ ਤੋਂ ਜ਼ਿਆਦਾ ............... ਆਈਸਕ੍ਰੀਮ ਬੱਚਿਆਂ ਨੂੰ ਪਸੰਦ ਹੈ।

(ii) ਸਭ ਤੋਂ ਘੱਟ ............. ਆਈਸਕ੍ਰੀਮ ਬੱਚਿਆਂ ਨੂੰ ਪਸੰਦ ਹੈ।

(iii) ਚਾਕਲੇਟ ਆਈਸਕ੍ਰੀਮ ਨੂੰ ਕਿੰਨੇ ਬੱਚੇ ਪਸੰਦ ਕਰਦੇ ਹਨ?

(a) 6 (b) 8 (c) 10 (d) 7

(iv) ਵਨੀਲਾ ਅਤੇ ਸਟਰਾਬੈਰੀ ਆਈਸਕ੍ਰੀਮ ਪਸੰਦ ਕਰਨ ਵਾਲੇ ਬੱਚਿਆਂ ਦੀ ਕੁੱਲ ਗਿਣਤੀ ਕਿੰਨੀ ਹੈ ?

(a) 6 (b) 10 (c) 8 (d) 12

(v) ਵਨੀਲਾ ਅਤੇ ਸਟਰਾਬੈਰੀ ਆਈਸਕ੍ਰੀਮ ਨੂੰ ਬਰਾਬਰ ਬੱਚੇ ਪਸੰਦ ਕਰਦੇ ਹਨ। (✓ ਜਾਂ ×)



## ਯਾਦ ਰੱਖਣ ਯੋਗ

* ਅਸੀਂ ਹਰ ਰੋਜ਼ ਬਹੁਤ ਤਰ੍ਹਾਂ ਦੀ ਜਾਣਕਾਰੀ ਇਕੱਠੀ ਕਰਦੇ ਹਾਂ। ਇਕੱਤਰ ਕੀਤੀ ਜਾਣਕਾਰੀ ਨੂੰ 'ਅੰਕੜਾ' ਕਿਹਾ ਜਾਂਦਾ ਹੈ।

## ਅਸੀਂ ਜੋ ਸਿੱਖਿਆ

**ਅੰਕੜੇ**

↓

ਅੰਕੜੇ ਇੱਕਤਰ ਕਰਨਾ

↓

ਇੱਕਤਰ ਕੀਤੀ ਜਾਣਕਾਰੀ ਨੂੰ ਸਾਰਣੀ ਵਿੱਚ ਦਰਸਾਉਣਾ

↓

ਸਾਰਣੀ ਤੋਂ ਸਿੱਟੇ 'ਤੇ ਪਹੁੰਚਣਾ


₹100
भारतीय रिज़र्व बैंक
RESERVE BANK OF INDIA
OAD 753561
केन्द्रीय सरकार द्वारा प्रत्याभूत
GUARANTEED BY THE CENTRAL GOVERNMENT
100
एक सौ रुपये
I PROMISE TO PAY THE BEARER THE SUM OF ONE HUNDRED RUPEES
GOVERNOR
OAD 753561

# ਮਾਨ ਕਾਰਡ

1

2

3

4

5

80

90

10

20

30

40

50

60

70

6

7

8

9

100